ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਪਰਮ ਪ੍ਰਤਾਪੀ ਪ੍ਰਤਿਮਾਵਲੀ

PARAM PRATAPI PRATIMAVLI

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਪਰਮ ਪ੍ਰਤਾਪੀ ਪ੍ਰਤਿਮਾਵਲੀ

PARAM PRATAPI PRATIMAVLI

A PHOTOGRAPHIC PORTRAIT *of*
SATGURU PARTAP SINGH JI
(1890 - 1959)

Sri Satguru Jagjit Singh Ji eLibrary NamdhariElibrary@gmail.com

ਪਰਮ ਪ੍ਰਤਾਪੀ ਪ੍ਰਤਿਮਾਵਲੀ

PARAM PRATAPI PRATIMAVLI

A PHOTOGRAPHIC PORTRAIT *of* SATGURU PARTAP SINGH JI

(1890 - 1959)

KASHI HOUSE

Sri Satguru Jagjit Singh Ji eLibrary NamdhariElibrary@gmail.com

Published by Kashi House in association with Vishav Namdhari Sangat

Copyright © Harjinder Singh Kanwal
All rights reserved. First published [illegible]. British Library Cataloguing in Publication Data. A catalogue record for this book is available from the British Library.

ISBN: 978-0-956[illegible]168-[illegible]-3

KASHI HOUSE is a non-profit publisher that aims to produce illuminating publications on the historic, artistic & linguistic heritage of Punjab & the Sikhs.
Kashi House, 27 Old Gloucester Street, London WC1N 3AX, UK
+44 [illegible] www.kashihouse.com info@kashihouse.com

Vishav Namdhari Sangat
Gurdwara Sri Bhaini Sahib, Ludhiana 141126 Punjab, INDIA
+91 [illegible] www.sribhainisahib.com www.beantparshah.info

Harjinder Singh Kanwal
www.sikh-heritage.co.uk harjinder@kanwal[illegible].freeserve.co.uk

Design, illustration & typography: J Singh (jugasingh.com)
Printed and bound by Thomsons Ltd, India

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted, in any shape or form or by any means (electronic, mechanical, photocopying, recording or otherwise) without the prior written permission of both the copyright owner and KASHI HOUSE.

CONTENTS

FOREWORD	i
PREFACE	vii
ACKNOWLEDGMENTS	ix
	IMAGES
INDIA	1 - 187
THAILAND	188 - 244
EAST AFRICA	
1ST TRIP	245 - 264
2ND TRIP	265 - 284
3RD TRIP	285 - 396
4TH TRIP	397 - 432
BRAHMLEENTA & SUCCESSION	433 - 446

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
ਉਹ ਸਾਗਰ ਸਨ ਜਿਨ੍ਹਾਂ ਦਾ ਪਾਰਾਵਾਰ ਪਾਇਆ ਹੀ ਨਹੀਂ ਜਾ ਸਕਦਾ
ਅਥਵਾ ਸਤਿਗੁਰੂ ਜੀ ਵਿਅਕਤੀਗਤ ਰੂਪ ਵਿਚ
ਆਕਾਸ਼ ਨਾਲੋਂ ਵੀ ਵੱਧ ਵਿਸ਼ਾਲਤਾ ਤੇ ਵਿਆਪਕਤਾ ਰੱਖਦੇ ਸਨ ।
ਕੋਈ ਵਿਗਿਆਨੀ ਸਾਗਰ ਦੀਆਂ ਲਹਿਰਾਂ ਜਾਂ ਆਕਾਸ਼ ਮੰਡਲ ਦੀ ਸੀਮਾਂ
ਅਥਵਾ ਅਰਬਾਂ ਦੀ ਤਾਦਾਦ ਵਿਚ ਤਾਰਿਆਂ
ਦਾ ਮੁਲੰਕਣ ਕਰ ਲਵੇ ਤਾਂ ਮੰਨਿਆਂ ਜਾ ਸਕਦਾ ਹੈ,
ਪਰ ਅਟੱਲ ਪ੍ਰਤਾਪੀ ਸਤਿਗੁਰੂ ਜੀ
ਦੇ ਗੁਣਾਂ, ਕਰਤਵਾਂ, ਪਰਉਪਕਾਰਾਂ, ਜਾਂ ਪਿਆਰ ਦਾ ਮੁਲੰਕਣ
ਕੋਈ ਮਨੁੱਖ ਕਦੇ ਭੀ ਨਹੀਂ ਕਰ ਸਕਦਾ ।

Sri Satguru Partap Singh Ji
was like that fathomless ocean that cannot be envisaged –
in fact Sri Satguru Ji's personality and genius were beyond
the concept of the human mind.
Scientists can survey the depths of the oceans
or can enumerate the myriad of stars in the sky but
Satguru Ji's devotion to duty and humanity,
His virtues and benevolence, remain
beyond evaluation.

Sri Satguru Jagjit Singh Ji eLibrary NamdhariElibrary@gmail.com

ਭੂਮਿਕਾ

'ਇਕ ਤਸਵੀਰ ਦਸ ਹਜ਼ਾਰ ਲਫ਼ਜ਼ਾਂ ਦੇ ਬਰਾਬਰ ਹੁੰਦੀ ਹੈ'

ਵਾਸ਼ਿੰਗਟਨ ਪੋਸਟ: ੧੬ ਜੁਲਾਈ ੧੯੨੫

ਇਸ ਅਨੁਪਮ ਅਤੇ ਵਿਲੱਖਣ ਚਾਰ ਸੌ ਤੋਂ ਵੱਧ ਤਸਵੀਰਾਂ ਦੀ ਐਲਬਮ ਨੂੰ ਵੇਖਦਿਆਂ ਇਹ ਪ੍ਰਤੀਤ ਹੋਇਆ ਕਿ ਇੱਕ ਇੱਕ ਤਸਵੀਰ ਆਪਣੇ ਆਪ ਵਿਚ ਮੂੰਹ ਬੋਲਦਾ ਇਤਿਹਾਸ ਹੈ ।

ਇਸ ਨਿਰਾਲੇ ਸੰਗ੍ਰਹਿ ਨੂੰ ਵੇਖਦਿਆਂ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ (੯ ਮਾਰਚ ੧੮੯੦-੨੨ ਅਗਸਤ ੧੯੫੯) ਦੀਆਂ ਜੀਵਨ ਝਲਕੀਆਂ ਸਾਹਮਣੇ ਆ ਜਾਂਦੀਆਂ ਹਨ । ਇਹ ਤਸਵੀਰਾਂ ਨਾਮਧਾਰੀ ਸਤਿਗੁਰੂ ਜੀ ਦਾ ਰੂਹਾਨੀ ਜੀਵਨ, ਨੈਤਿਕਤਾ ਅਤੇ ਉਸ ਸਮੇਂ ਦੇ ਪੱਖ ਉਜਾਗਰ ਕਰਦਾ ਹੈ ਜਿਸ ਨਾਲ ਆਪ ਜੀ ਦੇ ਸੰਪਰਕ ਵਿਚ ਆਉਣ ਵਾਲਿਆਂ ਨੂੰ ਧਰਮ, ਅਰਥ ਅਤੇ ਰਾਜਨੀਤਕ ਜੀਵਨ ਬਾਰੇ ਜਾਂਚ ਕਰਾਉਂਦਾ ਹੈ । ਆਪ ਜੀ ਦਾ ਜੀਵਨ ਪੰਜਾਹ ਸਾਲਾਂ ਬਾਅਦ ਵੀ ਦੇਸੀ ਅਤੇ ਵਿਦੇਸ਼ੀਆਂ ਦਾ ਮਾਰਗ ਦਰਸ਼ਨ ਕਰਦਾ ਹੈ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ੧੮੯੦ ਈ: ਵਿਚ ਪਿੰਡ ਭੈਣੀ ਸਾਹਿਬ, ਜ਼ਿਲਾ ਲੁਧਿਆਣਾ ਵਿਖੇ ਹੋਇਆ । ੧੮੭੨ ਈ: ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਬਰਮਾ ਵਿਖੇ ਜਿਲਾਵਤਨ ਕਰਨ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੇ ਮਾਤਾ ਜੀਵਨ ਕੌਰ ਜੀ ਅਤੇ ਪਿਤਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਬਾਕੀ ਪਰੀਵਾਰ ਨੂੰ ਨਜ਼ਰਬੰਦ ਕਰ ਦਿੱਤਾ ਗਿਆ । ਬਰਤਾਨਵੀ ਹਕੂਮਤ ਨਾਮਧਾਰੀ ਪੰਥ ਨੂੰ ਬੜੀ ਸ਼ੱਕ ਦੀ ਨਿਗਾਹ ਨਾਲ ਵੇਖਦੀ ਸੀ ਜਿਹਨੇ ਅਹਿੰਸਾ ਅਤੇ ਨਾ-ਮਿਲਵਰਤਨ ਦੇ ਅਸੂਲਾਂ ਨੂੰ ਅਪਣਾਇਆ ਸੀ ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਖ਼ਤਿਆਰ ਕੀਤੇ ਸਨ । ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ੧੮੫੭ ਈ: ਵਿਚ ਅਜ਼ਾਦੀ ਅੰਦੋਲਨ ਦਾ ਜੋ ਪਰਚਮ ਲਹਿਰਾਇਆ ਸੀ ਇਸ ਨਾਲ ਨਾਮਧਾਰੀ ਪੰਥ ਦਾ ਸਿੱਧਾ ਟਾਕਰਾ ਬਰਤਾਨਵੀ ਹਕੂਮਤ ਨਾਲ ਪੈ ਗਿਆ । ਇਹ ਅਜ਼ਾਦੀ ਅੰਦੋਲਨ ਬਰਤਾਨਵੀ ਹਕੂਮਤ ਲਈ ਖ਼ਤਰੇ ਦੀ ਘੰਟੀ ਸੀ ਜਿਸ ਕਰਕੇ ਰਾਜ ਨੇ ਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਜਿਲਾਵਤਨ ਕਰਕੇ ਸ੍ਰੀ ਭੈਣੀ ਸਾਹਿਬ ਵਿਖੇ ਪੁਲਿਸ ਚੌਂਕੀ ਬਿਠਾ ਦਿੱਤੀ ਜੋ ੫੧ ਵਰ੍ਹੇ ਤੱਕ ਕਾਇਮ ਰਹੀ ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਵੀਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਪੰਥ ਨੂੰ ਆਪਣੇ ਜੋਤੀ ਜੋਤ ਸਮਾਉਣ ੧੭ ਮਈ ੧੯੦੬ ਤਕ ਨਿਭਾਇਆ, ਜਿਸ ਤੋਂ ਬਾਅਦ ੧੬ ਸਾਲਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗ ਡੋਰ ਆਪਣੇ ਮੁਬਾਰਕ ਮੋਢਿਆਂ ਤੇ ਸੰਭਾਲੀ । ਆਪ ੨੩ ਮਈ ੧੯੨੩ ਤੱਕ ਬਰਤਾਨਵੀ ਨਜ਼ਰਬੰਦੀ ਵਿਚ ਰਹੇ ਜਿਸਤੋਂ ਬਾਅਦ ਆਪ ਜੀ ਅਤੇ ਨਾਮਧਾਰੀ ਪੰਥ ਤੋਂ ਸਾਰੀਆਂ ਪਾਬੰਦੀਆਂ ਹਟਾ ਲਈਆਂ ਗਈਆਂ ।

ਨਾਮਧਾਰੀ ਸਿੱਖਾਂ ਤੇ ਇਹ ਇਕ ਇਹੋ ਜਿਹਾ ਸੁਖਦਾਈ ਸਮਾਂ ਆਇਆ ਜਿਸ ਨਾਲ ਉਹ ਆਪਣੇ ਪਿਆਰੇ ਸਤਿਗੁਰੂ ਦੇ ਖੁੱਲੇ ਦਰਸ਼ਨ

FOREWORD

"One picture is worth ten thousand words"

Washington Post, 16 July 1925

Having glanced through this remarkable album of over four hundred rare and evocative photographs, I paused to reflect on the well-known (but often misquoted) statement above. I could not help but feel that each image actually conveys more than that many words could bring to bear.

This unique tome brings together, for the first time, a visual story of the life of the Namdhari Sikhs' revered spiritual leader, Sri Satguru Partap Singh Ji (9 March 1890 – 22 August 1959). As a pictorial commemoration of his life and achievements, it serves to highlight his dedication to improving the lot of the people whose lives he touched. He cared not only for their spiritual well-being, but also their religious, economic and colonial emancipation, providing inspiration on how to live an ethically- and environmentally-tuned existence. Half a century after his passing, he continues to be a great source of inspiration to many communities in India and abroad.

Sri Satguru Partap Singh Ji was born in the village of Sri Bhaini Sahib situated in District Ludhiana, Punjab, at a time when the Namdhari Sikhs were under police surveillance. His parents, Sri Satguru Hari Singh Ji and Mata Jivan Kaur Ji, and other members of the family, were made virtual prisoners in their home soon after the arrest in 1872 of Sri Satguru Ram Singh Ji, the spiritual leader of the Namdhari Sikhs and elder brother of Sri Satguru Hari Singh Ji. Their jailers, the British rulers of the period, had become increasingly suspicious of the teachings of this non-violent and non-co-operative spiritual community. Its founder, Sri Satguru Ram Singh Ji, had kick-started the movement for India's freedom in 1857, a struggle that would lead his Namdhari Sikh devotees onto a collision course with the Raj. The authorities deemed the movement to be a serious threat to the stability of the British Empire. In order to curb another potentially disastrous uprising among the masses, the leader of the movement had to be summarily dealt with. Thus, Sri Satguru Ram Singh Ji was whisked away from Punjab and sent across the 'Black Waters' to Rangoon in 1872. In his wake, the village of Sri Bhaini Sahib was placed under a siege that would remain in place for the next fifty-one years.

In the absence of Sri Satguru Ram Singh Ji, his younger brother, Sri Satguru Hari Singh Ji, led the community. Following his demise on 17 May 1906, his sixteen-year-old son, Sri Satguru Partap Singh Ji, took on the leadership of the Namdhari Sikh community. He lived under the gaze of the authorities until 23 May 1923, when the restrictions on his movements and that of the community

Sri Satguru Jagjit Singh Ji eLibrary NamdhariElibrary@gmail.com

ਆਪਣੇ ਘਰਾਂ, ਵਰਕਸ਼ਾਪਾਂ ਅਤੇ ਦੁਕਾਨਾਂ ਵਿਚ ਕਰਨ ਲਗੇ । ਜਿਨ੍ਹਾਂ ਸੱਜਣਾਂ ਨੇ ਉਸ ਵੇਲੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਆਨੰਦ ਮਾਣਿਆ ਉਹ ਦਸਦੇ ਸਨ ਕਿ ਸ੍ਰੀ ਸਤਿਗੁਰੂ ਜੀ ਵਿਲੱਖਣ ਦੈਵੀ ਗੁਣਾਂ ਦੇ ਮਾਲਿਕ ਸਨ । ਮੈਂ ਬਚਪਨ ਵਿਚ ਹਜ਼ੂਰ ਦੇ ਦਰਸ਼ਨ ਕੀਤੇ ਸਨ, ਆਪ ਜੀ ਦਾ ਮੁਸਕ੍ਰਾਉਂਦਾ ਚਿਹਰਾ, ਕਮਲ ਨੈਨ, ਦੁੱਧ ਚਿੱਟਾ ਸੂਤੀ ਲਿਬਾਸ ਅਤੇ ਮਾਖਿਓਂ ਮਿੱਠੇ ਬਚਨ ਕਦੇ ਵੀ ਨਹੀਂ ਭੁਲਾਂਗੀ । ਜੋ ਕੋਈ ਵੀ ਆਪ ਜੀ ਦੇ ਸੰਪਰਕ ਵਿਚ ਆਇਆ, ਭਾਵੇਂ ਕਿਸੇ ਜਾਤ ਮਜ਼੍ਹਬ ਦਾ ਕਿਉਂ ਨਾ ਹੋਵੇ, ਉਹ ਸਤਿਗੁਰੂ ਜੀ ਤੋਂ ਹਰ ਪਹਿਲੂ ਤੋਂ ਪ੍ਰਭਾਵਤ ਹੋ ਕੇ ਗਿਆ । 'ਪ੍ਰੀਤਲੜੀ' ਦੇ ਐਡੀਟਰ ਸ. ਗੁਰਬਖਸ਼ ਸਿੰਘ ਲਿਖਦੇ ਹਨ:

> *'ਮਹਾਰਾਜ ਪ੍ਰਤਾਪ ਸਿੰਘ ਜੀ ਤਾਂ ਮੇਰੇ ਅਤਿ ਖ਼ੂਬਸੂਰਤ ਇਨਸਾਨਾਂ ਵਿਚੋਂ ਹਨ । ਮੈਂ ਅਨੇਕਾਂ ਧਾਰਮਕ ਮਹਾਂਪੁਰਖਾਂ ਨੂੰ ਮਿਲਿਆ ਹਾਂ । ਕੀ ਦੇਸ਼ ਵਿਚ ਤੇ ਕੀ ਪ੍ਰਦੇਸਾਂ ਵਿਚ, ਪਰ ਸਿਰਫ਼ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਹੀ ਮੈਨੂੰ ਮਨੁੱਖੀ ਪੱਧਰ ਉਤੇ ਮਿਲਣ ਦੀ ਖ਼ੁਸ਼ੀ ਦਿੱਤੀ ਸੀ... ਉਹਨਾਂ ਦੇ ਪੰਥ ਦਾ ਵੀ ਮੈਨੂੰ ਬੜਾ ਸਤਿਕਾਰ ਹੈ । ਇਹ ਪੰਥ ਮੈਨੂੰ ਕਿਰਤੀਆਂ ਤੇ ਕਾਮਿਆਂ ਦਾ ਪੰਥ ਨਜ਼ਰ ਆਉਂਦਾ ਹੈ । ਏਸ ਪੰਥ ਦੀ ਸਾਦਗੀ ਤੇ ਮਨੁੱਖਤਾ ਦਾ ਮੈਂ ਦਿਲੋਂ ਪ੍ਰਸ਼ੰਸਕ ਹਾਂ । ਆਮ ਨਾਮਧਾਰੀ ਸਿੱਖ ਦਾ ਜੀਵਨ ਆਮ ਮਨੁੱਖ ਨਾਲੋਂ ਵਧੇਰੇ ਸੋਧਿਆ ਹੋਇਆ ਹੁੰਦਾ ਹੈ । ਵਿਆਹ, ਕੁੜਮਾਈਆਂ, ਮਰਨਿਆਂ ਤੇ ਹੋਰ ਰਸਮਾਂ ਉਤੇ ਵਿਖਾਲਾ ਸਾਡੀ ਕੌਮੀ ਕਮਜ਼ੋਰੀ ਹੈ, ਪਰ ਨਾਮਧਾਰੀ ਪੰਥ ਵਿਚ ਇਹ ਵਿਖਾਲਾ ਬਿਲਕੁਲ ਹੈ ਨਹੀਂ... ਨਾਮਧਾਰੀ ਪੰਥ ਦੀਆਂ ਚੰਗੀਆਂ ਰਵਾਇਤਾਂ ਉਹਨਾਂ ਦੇ ਪੰਥ ਨੂੰ ਸੁਚੱਜੀ ਜੀਵਨ-ਜਾਚ ਦਾ ਪੰਥ ਬਣਾਦੀਆਂ ਹਨ, ਤੇ ਮੇਰੀ ਸਾਇੰਸੀ ਸੋਚਣੀ ਵੀ ਉਹਨਾਂ ਨੂੰ ਵਧਾਈ ਦੇਂਦੀ ਹੈ ।'*

ਇਹ ਬੜਾ ਦੁਖਦਾਈ ਸੱਚ ਹੈ ਕਿ ਬਾਵਜੂਦ ਕੈਮਰੇ ਦੀ ਭਾਰਤ ਵਿਚ ਹੋਂਦ ਦੇ (ਜੋ ੧੮੪੦ ਈ: ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਆਇਆ) ਬਹੁਤ ਹੀ ਘੱਟ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਿੰਘਾਂ ਦੀਆਂ ਤਸਵੀਰਾਂ ਜੋ ਉਸ ਵੇਲੇ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਸਨ, ਉਪਲੱਬਧ ਹਨ । ਇਸ ਦਾ ਘਾਟਾ ੧੯੨੩ ਈ: ਵਿਚ ਪੁਲਿਸ ਚੌਕੀ ਦੇ ਉਠਣ ਨਾਲ ਸੰਗਤ ਦੀ ਖ਼ੁਸ਼ੀ ਨੇ ਪੂਰਾ ਕੀਤਾ ।

ਮੱਧ ੧੯੨੦ ਈ: ਵਿਚ ਫੋਟੋਗਰਾਫੀ ਇਕ ਬਹੁਤ ਅਹਿਮ ਮਾਧਿਅਮ ਬਣ ਚੁੱਕਾ ਸੀ ਜਿਸ ਦੇ ਸਭ ਅੰਜਾਮ ਸ੍ਰੀ ਸਤਿਗੁਰੂ ਜੀ ਦੇ ਇਸ ਨਜ਼ਰਬੰਦੀ ਦੇ ਲੰਮੇ ਸਮੇਂ ਬਾਅਦ ਆਈ ਖ਼ੁਸ਼ਹਾਲੀ ਨੂੰ ਕੈਮਰੇ ਨੇ ਉਜਾਗਰ ਕਰ ਦਿੱਤਾ । ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਉਨ੍ਹਾਂ ਦੀਆਂ ਤਸਵੀਰਾਂ ਨਾਮਧਾਰੀਆਂ ਦੇ ਘਰ ਘਰ ਵਿਚ ਲੱਗ ਗਈਆਂ ।

—

ਇਸ ਪ੍ਰਤਿਮਾਵਲੀ ਦਾ ਸੰਗ੍ਰਹਿ ਤਿੰਨਾਂ ਭਾਗਾਂ ਵਿਚ ਵੰਡਿਆ ਹੈ: ਭਾਰਤ, ਥਾਈਲੈਂਡ ਅਤੇ ਪੂਰਬੀ ਅਫ਼ਰੀਕਾ । ਭਾਰਤ ਵਿਚ ਸਤਿਗੁਰੂ ਜੀ ਦੇ ਦੌਰੇ ਘੋੜਿਆਂ ਉਤੇ ਕੀਤੇ ਜਾਂਦੇ ਸਨ ਅਤੇ ਫਿਰ ਕਾਰਾਂ ਆਉਣ ਨਾਲ ਕਾਰਾਂ ਦਾ ਇਸਤੇਮਾਲ ਕੀਤਾ ਜਾਂਦਾ ਰਿਹਾ । ੧੯੩੩ ਈ: ਵਿਚ ਥਾਈਲੈਂਡ

were finally lifted.

This must have been an incredible time for the Namdhari Sikhs—one can only imagine just how amazing it must have been for these devotees to be able to welcome their Guru in their own homes, businesses, workshops. I met him as a child in early 1950s, and will never forget his smiling face, bright eyes, traditional white, home-spun cotton attire, and pleasant speech. Others who have had the opportunity of being in Sri Satguru Ji's presence have described to me his uniquely charismatic personality. His unceasing hospitality left those who came into contact with him feeling a close affinity and a special bond. This included those who did not profess any particular faith. Gurbaksh Singh, a well known egalitarian writer and editor of the Punjabi magazine 'Preetlari' wrote:

> *Maharaj Partap Singh Ji is for me the most enchanting and beautiful human being I have known. I have met many religious leaders in this country and abroad but only he has given me happiness at the human level... I have great respect for his humanity, and his community are a humble, hardworking and skilled people. I am highly appreciative of their simplicity and their care for humanity. An ordinary Namdhari Sikh maintains a discipline and code of conduct that is free from ostentation and complicated rituals at their weddings, deaths and other occasions, which is the weakness of others... The righteous Namdhari Sikh traditions have given them a good way of life and I, as a scientific person, congratulate them for it.**

It is a matter of regret that, despite the popularity of the camera in India (where it was first introduced in 1840, a year after the death of Maharaja Ranjit Singh), relatively few images of Sri Satguru Partap Singh Ji and the Namdhari Sikhs were taken while they remained confined in Sri Bhaini Sahib under police surveillance. When the police cordon was eventually lifted in 1923, that dearth was quickly made up for by a community with much to celebrate.

For the followers of Sri Satguru Ji, the transition from the long period of bleakness to one of light and hope was materially assisted by the camera. By the mid-1920s, photography had become a well-established medium for documenting people, places and events. Its presence ushered in a new era of spiritual intimacy for Namdhari Sikhs who were now able to keep any number of images of their beloved Guru in their home for the purposes of 'darshan'.

—

The collection presented here is broadly organised into three geographical sections: India, East Africa and Thailand. The presence of Namdhari Sikh communities in East Africa and Thailand is believed to have begun in the 1920s,

* Translated from an article by H. S. Kanwal, Namdhari Sangram Pradeepka (Coventry, undated).

Sri Satguru Jagjit Singh Ji eLibrary NamdhariElibrary@gmail.com

ਦਾ ਪਹਿਲਾ ਦੌਰਾ ਸਮੁੰਦਰੀ ਜਹਾਜ਼ ਰਾਹੀਂ ਅਤੇ ਬਾਅਦ ਦੇ ਅਨੇਕਾਂ ਦੌਰੇ ਹਵਾਈ ਜਹਾਜ਼ਾਂ ਰਾਹੀਂ ਤੈਅ ਕੀਤੇ ਗਏ । ਇਸੇ ਹੀ ਤਰ੍ਹਾਂ ਅਫਰੀਕਾ ਦਾ ੧੯੫੩ ਈ: ਦਾ ਪਹਿਲਾ ਦੌਰਾ ਸਮੁੰਦਰੀ ਜਹਾਜ਼ ਰਾਹੀਂ ਅਤੇ ਬਾਕੀ ਦੇ ਤਿੰਨ ਦੌਰੇ ਹਵਾਈ ਜਹਾਜ਼ਾਂ ਦੁਆਰਾ ਕੀਤੇ ਗਏ ।

ਪੂਰਬੀ ਅਫਰੀਕਾ ਅਤੇ ਥਾਈਲੈਂਡ ਵਿਚ ਨਾਮਧਾਰੀ ਸਿੱਖਾਂ ਦੀ ਮੌਜੂਦਗੀ ਤਕਰੀਬਨ ੧੯੨੦ ਈ: ਦੇ ਲੱਗ ਭੱਗ ਵੇਖਣ ਵਿਚ ਆਈ ਜਦ ਤੋਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਸ੍ਰੀ ਭੈਣੀ ਸਾਹਿਬ ਤੋਂ ਨਜ਼ਰਬੰਦੀ ਹਟਾਈ ਗਈ । ਵੀਹਵੀਂ ਸਦੀ ਦੇ ਸ਼ੁਰੂਆਤ ਵਿਚ ਪੂਰਬੀ ਅਫਰੀਕਾ ਦੀ ਰੇਲਵੇ ਲਾਇਨ ਬਣਾਉਣ ਲਈ ਪੰਜਾਬ ਤੋਂ ਸਿੱਖ ਭਰਤੀ ਕੀਤੇ ਗਏ । ਜਿਨ੍ਹਾਂ ਵਿਚੋਂ ਕਈ ਕੀਤੇ ਕਾਰੀਗਰ, ਇੰਜੀਨੀਅਰ ਆਦਿ ਕਈ ਸਾਲ ਅਫਰੀਕਾ ਰਹਿਣ ਦੇ ਬਾਵਜੂਦ ਆਪਣੇ ਪਰੀਵਾਰਾਂ ਨੂੰ ਆਪਣੇ ਕੋਲ ਨਾ ਲਿਆ ਸਕੇ । ਇਕ ਉਦਾਹਰਣ ਤੌਰ ਤੇ ਮੈਨੂੰ ਦੱਸਿਆ ਗਿਆ ਕਿ ਬੀਬੀ ਬਲਵੰਤ ਕੌਰ ਭੱਟੀ, ਜੋ ਇਕ ਨਾਮਧਾਰੀ ਪਰੀਵਾਰ ਵਿਚੋਂ ਸੀ, ਆਪਣੇ ਪਤੀ ਦਾ ਸਾਥ ਦੇਣ ਨੈਰੋਬੀ ਵਿਖੇ ੧੯੨੯ ਈ: ਵਿਚ ਪਹੁੰਚੇ । ਜਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੫੩ ਈ: ਵਿਚ ਪਹਿਲਾ ਦੌਰਾ ਕੀਤਾ ਤਾਂ ਆਪ ਜੀ ਨੇ ਬੀਬੀ ਜੀ ਦਾ ਤੁਆਰਫ ਨਾਮਧਾਰੀ ਧੁਰੰਤਰ ਪ੍ਰਚਾਰਕ ਸੰਤ ਨਿਧਾਨ ਸਿੰਘ ਆਲਿਮ ਨਾਲ ਕਰਵਾਇਆ ਕਿ ਇਹ ਬੀਬੀ ਬਾਬਾ ਭਗਵਾਨ ਸਿੰਘ ਬਠਨਾਂਵਾਲੇ, ਜ਼ਿਲਾ ਸਿਆਲਕੋਟ, ਦੀ ਪੋਤਰੀ ਹੈ । ਸੂਬਾ ਲਾਲ ਸਿੰਘ ਜੀ ਪੂਰਬੀ ਅਫਰੀਕਾ ਦੇ ਪਹਿਲੇ ਨਾਮਧਾਰੀ ਸਨ ਜਿਨ੍ਹਾਂ ਦੇ ਪੁਰਸ਼ਾਰਥ ਸਦਕਾ ਸਤਿਗੁਰੂ ਜੀ ਦਾ ਇਹ ਦੌਰਾ ਹੋਇਆ ਅਤੇ ਸੂਬਾ ਜੀ ਦੇ ਸਪੁੱਤਰਾਂ ਸ.ਚਰਨ ਸਿੰਘ ਅਤੇ ਹਰਨਾਮ ਸਿੰਘ ਜੀ ਦੇ ਗ੍ਰਹਿ ਪਾਰਕਲੈਂਡ ਵਿਖੇ ਸਤਿਗੁਰੂ ਜੀ ਦਾ ਪਹਿਲਾ ਡੇਰਾ ਲੱਗਿਆ । ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਸੂਬਾ ਅਵਤਾਰ ਸਿੰਘ ਜੀ ਪਹਿਲੇ ਨਾਮਧਾਰੀ ਸਨ ਜਿਨ੍ਹਾਂ ਨੇ ਯੁਗੰਡਾ ਵਿਖੇ ਨਾਮਧਾਰੀ ਪਰਚਾਰ ਕੀਤਾ ।

ਸ੍ਰੀ ਸਤਿਗੁਰੂ ਜੀ ਦੇ ਪਹਿਲੇ ਦੌਰੇ ਨੇ ਅਫਰੀਕਾ ਦੇ ਸਿੱਖਾਂ ਨੂੰ ਬਹੁਤ ਪ੍ਰਭਾਵਤ ਕੀਤਾ ਅਤੇ ਅਨੇਕਾਂ ਹੀ ਨੇ ਭਜਨ ਪੁੱਛਿਆਂ ਅਤੇ ਨਾਮਧਾਰੀ ਸੰਗਤ ਵਿਚ ਸ਼ਾਮਿਲ ਹੋ ਗਏ । ਇਸੇ ਹੀ ਤਰ੍ਹਾਂ ਬਾਕੀ ਚਾਰ ਦੌਰਿਆਂ ਵਿਚ ਨਾਮਧਾਰੀ ਸਿੱਖ ਦਿਨ ਦੂਣੀ ਰਾਤ ਚੌਗਣੀ ਤਰੱਕੀ ਕਰਦੇ ਹੋਏ ਸਤਿਗੁਰੂ ਜੀ ਦੇ ਸਿੱਖੀ ਅਸੂਲਾਂ ਤੇ ਚਲਣ ਲੱਗੇ ।

ਥਾਈਲੈਂਡ ਵਿਚ ਰਹਿਣ ਵਾਲੇ ਸਿੱਖ ਆਪਣੇ ਪਰੀਵਾਰਾਂ ਨਾਲ ਛੋਟੇ ਛੋਟੇ ਕਪੜੇ ਅਤੇ ਫਰਨੀਚਰ ਦੇ ਕਾਰੋਬਾਰ ਕਰਦੇ ਰਹੇ । ਜਦੋਂ ਮੈਂ ੧੯੮੦ ਈ: ਵਿਚ ਇਨ੍ਹਾਂ ਨਾਮਧਾਰੀ ਪਰੀਵਾਰਾਂ ਦੇ ਤੀਜੀ ਅਤੇ ਚੌਥੀ ਪੀੜੀ ਦੇ ਸਦੱਸਿਆਂ ਨੂੰ ਬੈਂਕਾਕ, ਚਿਆਂਗ ਮਾਈ ਅਤੇ ਪਟਾਯਾ ਵਿਖੇ ਮਿਲੀ ਤਾਂ ਵੇਖਿਆ ਕਿ ਇਹ ਸਿੱਖ ਪੂਰਨ ਤੌਰ ਤੇ ਨਾਮਧਾਰੀ ਲਿਬਾਸ ਵਿਚ ਹੁੰਦੇ ਹੋਏ ਉਥੋਂ ਦੇ ਬਾਸ਼ਿੰਦੇ ਬਣ ਚੁਕੇ ਹਨ । ਜਿਸ ਕਿਸ ਨੂੰ ਵੀ ਮੈਂ ਮਿਲੀ ਉਸਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੀ ਸ਼ੁਕਰਾਨਾ ਕਰਦਿਆਂ ਕਿਹਾ ਕਿ ਹਜ਼ੂਰ ਦੀ ਕਿਰਪਾ ਸਦਕਾ, ਜੋ ਹਜ਼ੂਰ ਨੇ ਉਨ੍ਹਾਂ ਦੇ ਪਿਓ ਦਾਦਿਆਂ ਤੇ ਕੀਤੀ, ਥਾਈਲੈਂਡ ਦੇ ਨਾਮਧਾਰੀ ਇਸ ਵੇਲੇ ਹਰ ਪੱਖੋਂ ਚੜ੍ਹਦੀ ਕਲਾ ਵਿਚ ਹਨ ।

ਮੇਰੇ ਲਈ ਇਹ ਪ੍ਰਤਿਮਾਵਲੀ ਇਕ ਸਰਬਉਤਕ੍ਰਿਸ਼ਟ ਰੂਹਾਨੀ ਗੁਰੂ ਅਤੇ ਉਸਦੇ ਸਿੱਖਾਂ ਨਾਲ ਸੰਬੰਧ ਦਾ ਮੂੰਹ ਬੋਲਦਾ ਨਜ਼ਾਰਾ ਹੈ ਭਾਵੇਂ ਅਸੀਂ ਗੱਦੀ ਦੀ ਝਾਕੀਆਂ ਦੇਸ ਵਿਚ ਜਾਂ ਵਿਦੇਸ਼ਾਂ ਵਿਚ ਵੇਖਦੇ ਹਾਂ ।

presumably after the lifting of police restrictions. With Sri Satguru Ji's blessings, the Namdhari Sikhs left Punjab to take advantage of the opening of opportunities in these distant lands.

Since the turn of the 20th century, Sikh craftsmen, artisans and engineers had been recruited from India and sent to East Africa to build the infrastructure for the British colonies of Kenya, Tanzania and Uganda. Many of these men were unable to take their families with them at that time, and were only able to bring them over to East Africa after a number of years of 'service'. By way of an example from the Namdhari Sikh community, I came to learn that Mrs Balwant Kaur Bhatti, who was raised as a Namdhari Sikh in Punjab, joined her husband in Nairobi, Kenya, in 1929 after he had travelled there many years previously. Mrs Bhatti's arrival provided a welcome spiritual boost to her own and other Sikh families in Nairobi. Over time, a small Namdhari Sikh community developed under the guidance of Suba Lal Singh Ji. This burgeoning community welcomed Sri Satguru Partap Singh Ji on his first visit to East Africa in 1953. Sri Satguru Ji's memory of families across the generations was phenomenal—it is said that when he blessed the family home with his presence, he introduced Mrs Bhatti to the main Namdhari preacher, Sant Nidhan Singh Alam: 'Do you know who this lady is? She is the granddaughter of Baba Bhagwan Singh of Bathanwale in Sialkot District.'

Sri Satguru Ji's visits had a tremendous impact on the Sikh communities in East Africa. Such was the influence of his teachings that many chose to follow the Namdhari Sikh faith tradition and become part of a worthwhile religious, moral and ethical community. The Namdhari Sikh community grew from strength to strength, blessed by subsequent spiritual sojourns from Sri Satguru Ji.

Those who settled in Thailand did so mainly as small family-run businesses in the textiles and furniture trades. When I visited Thailand in the 1980s, I had the opportunity of meeting third- and fourth-generation Namdhari Sikhs in Bangkok, Chiang Mai and Pataya. They were fully integrated in the local community, spoke in Thai and ran Thai institutions, yet the men wore turbans and the women traditional Punjabi clothes. Virtually everyone I met expressed gratitude to Sri Satguru Partap Singh Ji for having blessed their forefathers six or seven decades earlier in their quest to find a livelihood in Thailand. On the whole, the community remains a very prosperous one.

~

For me, the power of this pictorial biography lies in its ability to convey the strength of relationship between a quintessential spiritual master and his disciples. Whether we are beholding events at headquarters in Punjab, or visits across India and abroad, several significant themes emerge in this collection: the blessing of devotees with spiritual sustenance; political and secular engagement; inter-religious harmony; environmental protection; and animal conservation and welfare.

Sri Satguru Jagjit Singh Ji eLibrary NamdhariElibrary@gmail.com

ਇਹ ਸੰਗ੍ਰਹਿ ਕਈ ਰੂਹਾਨੀ, ਰਾਜਨੀਤਕ, ਸਰਬ ਪੱਖੀ, ਵਾਯੂਮੰਡਲ ਦੀ ਸੰਭਾਲ ਅਤੇ ਪਸ਼ੂ ਕਲਿਆਣ ਵਰਗੇ ਮਹੱਤਵਪੂਰਨ ਨਜ਼ਾਰਿਆਂ ਨੂੰ ਦਰਸਾਉਂਦਾ ਹੈ।

ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੇ ਹੋਲੇ ਮਹੱਲੇ ਅਤੇ ਪਾਠਾਂ ਦੇ ਭੋਗਾਂ ਸਮੇਂ ਦੇ ਨਜ਼ਾਰੇ ਵੇਖਣ ਵਾਲੇ ਹਨ ਜਿਵੇਂ ਫੋਟੋ ਨੰਬਰ ੯ ਨੂੰ ਵੇਖੋ ਜੋ ੧੯੩੧ ਈ: ਵਿਚ ਲਈ ਗਈ ਹੈ, ਅਸੀਂ ਵੇਖ ਸਕਦੇ ਹਾਂ ਕਿਵੇਂ ੫੦੦ ਅਖੰਡ ਪਾਠਾਂ ਦੇ ਭੋਗਾਂ ਸਮੇਂ ਸੰਗਤ ਤੱਪੜਾਂ ਤੇ ਦਰੱਖਤਾਂ ਦੀ ਛਾਂਵੇਂ ਬੈਠੀ ਹੈ, ਸੇਵਾਦਾਰ ਸੰਗਤ ਦੀ ਸਹੂਲਤ ਲਈ ਅਤੇ ਦੋ ਸੇਵਾਦਾਰ ਗੁਰੂ ਜੀ ਦੀ ਹਜ਼ੂਰੀ ਵਿਚ ਖੜੇ ਹਨ। ਸੰਗਤ ਦਾ ਇਹ ਉਤਸ਼ਾਹ ਭਰਿਆ ਨਜ਼ਾਰਾ ਰੂਹਾਨੀਅਤ ਦੀ ਸੀਮਾ ਨੂੰ ਛੂਹੰਦਾ ਹੈ। ਇਹੋ ਜਹੇ ਸਮਾਗਮਾਂ ਵਿਚ ਲੱਖਾਂ ਦੀ ਤਾਦਾਦ ਵਿਚ ਸੰਗਤਾਂ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਵਿਖੇ ਹੁੰਮ ਹੁਮਾ ਕੇ ਪਹੁੰਚਦੀਆਂ ਸਨ। ਇਕ ਹੋਰ ਤਸਵੀਰ ਨੰਬਰ ੩੫੩ ਨੂੰ ਵੇਖੋ ਜਿਸ ਵਿਚ ਅਫ਼ਰੀਕਾ ਵਿਖੇ ਕਿਸੇ ਘਰ ਚਰਨ ਪਾਉਣ ਬਾਅਦ ਸ੍ਰੀ ਸਤਿਗੁਰੂ ਜੀ ਬਾਹਰ ਆ ਰਹੇ ਹਨ ਅਤੇ ਇਕ ਛੋਟੀ ਜਹੀ ਬੱਚੀ ਦਰਵਾਜ਼ੇ ਵਿਚ ਲੁਕੀ ਖੜੀ ਹੈ। ਬਹੁਤ ਸਾਰੀਆਂ ਫੋਟੋਆਂ ਵਿਚ ਘਰ ਵਾਲਿਆਂ ਦੇ ਸਦੱਸਯ ਦੇ ਨਾਲ ਨਾਲ ਸਤਿਗੁਰੂ ਜੀ ਦੇ ਨਾਲ ਆਏ ਹਜ਼ੂਰ ਦੇ ਸਪੁੱਤਰ ਸ੍ਰੀ (ਸਤਿਗੁਰੂ) ਜਗਜੀਤ ਸਿੰਘ ਜੀ, ਮਹਾਰਾਜਾ ਬੀਰ ਸਿੰਘ ਜੀ, ਸੂਬੇਦਾਰ, ਰਾਗੀ ਅਤੇ ਸੇਵਾਦਾਰ ਵੀ ਦਿਖਾਈ ਦੇ ਰਹੇ ਹਨ।

੧੯੪੭ ਈ: ਹਿੰਦੁਸਤਾਨ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਸ੍ਰੀ ਸਤਿਗੁਰੂ ਜੀ ਦੀ ਸਿਆਣੀ ਰਹਿਨੁਮਾਈ ਨਾਲ ਜਨ ਕਲਿਆਣ ਅਤੇ ਦੇਸ਼ ਨੂੰ ਆਜ਼ਾਦੀ ਨਸੀਬ ਹੋਈ। ਇਕ ਦਹਾਕਾ ਪਹਿਲਾਂ ਲਹੌਰ ਵਿਚ ੧੯੨੯ ਈ: ਦੇ ਕਾਮਯਾਬ ਕਾਂਗਰਸ ਇਜਲਾਸ ਬਾਅਦ, ਕਾਂਗਰਸ ਦੇ ਲੀਡਰ ਪੰਡਿਤ ਜਵਾਹਰ ਲਾਲ ਨਹਿਰੂ, ਮੌਲਾਨਾ ਹਬੀਬਉੱਲਾ, ਡਾ. ਪਟਾਭੀ ਸੀਤਾਰਮੱਈਆ ਅਤੇ ਸੈਫੁਦੀਨ ਕਿਚਲੂ, ਸਾਰੇ ਸ੍ਰੀ ਭੈਣੀ ਸਾਹਿਬ ਪਧਾਰੇ ਤਾਂ ਕਿ ਦੇਸ਼ ਦੀ ਆਜ਼ਾਦੀ ਬਾਰੇ ਅਹਿਮ ਨਿਰਣੇ ਲਏ ਜਾਣ (ਫੋਟੋ ਨੰਬਰ ੨੪-੩੨)। ਬਾਵਜੂਦ ਬਰਤਾਨਵੀ ਹਕੂਮਤ ਦੀ ਪਾਬੰਦੀ ਦੇ ਨਾਮਧਾਰੀ ਸਿੱਖਾਂ ਨੇ ਕਾਂਗਰਸ ਦੇ ਇਜਲਾਸਾਂ ਵਿਚ ਲੰਗਰ ਅਤੇ ਘੋੜੇ ਆਦਿ ਮੁਹੱਈਆ ਕਰਕੇ ਉਹਨਾਂ ਨੂੰ ਕਾਮਯਾਬ ਬਣਾਇਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਕਾਂਗਰਸ ਦੇ ਹਰ ਇਜਲਾਸ ਵਿਚ ਆਪਣਾ ਯੋਗਦਾਨ ਪਾਇਆ। ਫੋਟੋ ਨੰਬਰ ੬੩, ਜੋ ੧੯੪੬ ਈ: ਆਜ਼ਾਦੀ ਤੋਂ ਇਕ ਸਾਲ ਪਹਿਲਾਂ ਖਿੱਚੀ ਗਈ, ਵਿਚ ਸ੍ਰੀ ਸਤਿਗੁਰੂ ਜੀ ਦੇ ਨਾਲ ਆਜ਼ਾਦੀ ਦੇ ਘੁਲਾਟੀਏ ਰਾਜ ਗੁਪਾਲ ਅਚਾਰੀਆ, ਵੱਲਭ ਭਾਈ ਪਟੇਲ, ਊਧਮ ਸਿੰਘ ਨਾਗੋਕੇ ਅਤੇ ਪ੍ਰਤਾਪ ਸਿੰਘ ਕੈਰੋਂ ਖੜੇ ਹਨ। ਆਜ਼ਾਦੀ ਤੋਂ ਬਾਅਦ ਪ੍ਰਤਾਪ ਸਿੰਘ ਕੈਰੋਂ ਪੰਜਾਬ ਦੇ ਮੁੱਖ ਮੰਤਰੀ, ਸਰਦਾਰ ਪਟੇਲ ਭਾਰਤ ਦੇ ਗ੍ਰਹਿ ਮੰਤਰੀ ਅਤੇ ਅਚਾਰੀਆ ਜੀ ਪਹਿਲੇ ਗਵਰਨਰ ਜਨਰਲ ਬਣੇ। ਪੰਡਿਤ ਨਹਿਰੂ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਤੋਂ ਆਸ਼ੀਰਵਾਦ ਲੈਣ ੧੯੫੨ ਈ: ਨੂੰ ਪਧਾਰੇ (ਫੋਟੋ ੧੨੦-੧੨੨)। ਅਕਾਲੀ ਲੀਡਰ ਮਾ: ਤਾਰਾ ਸਿੰਘ ਜੀ ਬਾਕਾਇਦਾ ਸ੍ਰੀ ਸਤਿਗੁਰੂ ਜੀ ਨੂੰ ਮਿਲਣ ਆਉਂਦੇ ਰਹੇ (ਫੋਟੋ ੧੬੬-੧੭੪)। ਇਹ ਸਭ ਨਜ਼ਾਰੇ ਅਤੇ ਇਕੱਠ ਜੋ ਇਸ ਯੁਗ ਨੂੰ ਮਹੱਤਵਪੂਰਨ ਬਣਾਉਂਦੇ ਹਨ ਇਸ ਸੰਗ੍ਰਹਿ ਵਿਚ ਮੂਰਤੀਮਾਨ ਹੈ।

—

At Sri Bhaini Sahib, Sri Satguru Ji touched many lives during gatherings such as the Hola Mohalla or the completion of the reading of scriptures. Take image 9 for example, which was shot in 1931. We are drawn into a very special scene: a bustling congregation sits on mats in the shade of the trees, listening to the closing ceremony (bhog) of 500 unbroken readings (akhand paths) of the Adi Granth. Volunteers (sevadars) at different vantage points assist congregants, while two attendees stand close to the Guru's seat. One cannot help but be impressed by, and to savour, the depth of devotion. Such events brought people in their hundreds of thousands to Sri Bhaini Sahib and other sacred places such as Sri Jivan Nagar near Sirsa.

Another favourite is image 353. It is a wonderful scene of an ordinary family home in East Africa. Sri Satguru Ji is coming through the doorway, besides which a little girl is hiding, perhaps to catch a glimpse but not to be seen. Most home visits show not just the key members of the host family but also those who travelled with Sri Satguru Ji: his sons, Sri (Satguru) Jagjit Singh Ji and Maharaja Bir Singh Ji, and the entourage of preachers, musicians and personal attendants.

Sri Satguru Partap Singh Ji's visits to devotees settled in foreign climes reflects the progress of modes of transport. Throughout this work we encounter travel by horseback in India, by ship and car on visits to Thailand beginning in 1933, and the first visit to East Africa in 1953, followed by travel by air to both countries in later years.

Before and after 1947, the year when India achieved its independence from the British Empire, Sri Satguru Partap Singh Ji's astute leadership was a significant factor in securing individuals their human rights, and a nation its freedom. A decade on from the successful Congress sessions held in Lahore in 1929, the Congress Party under the leadership of Pandit Jawahar Lal Nehru, Maulana Habibullah, Dr. Pattabhi Sitarammayya and Saif-ud-Deen Kitchlew came to Sri Bhaini Sahib to shape the 'Freedom Strategy' (images 24–32). Despite the restrictions imposed by the colonial government, the Namdhari Sikh community ensured a plentiful supply of food, shelter and horses to enable the session to reach a successful conclusion.

Sri Satguru Ji also attended the Congress Campaign sessions hosted in Delhi and elsewhere. Image 63, taken on 8 August 1946, a year before Independence Day, shows Sri Satguru Partap Singh Ji with the key leadership of the Independence Movement, both nationally and in Punjab: Raj Gopal Acharya, Vallabh Bhai Patel, Udham Singh Nagoke and Partap Singh Kairon. In post-colonial India, Kairon became Punjab's chief minister, Patel India's home minister, and Acharya the first governor-general. Pandit Nehru, Independent India's first prime minister, came to Sri Bhaini Sahib in 1952 to seek Sri Satguru Ji's blessings (images 120–122). Another regular visitor was the Akali Sikh leader, Master Tara Singh (images 166–174). All these characters and gatherings that loomed large in an eventful era are well illustrated in this wonderful collection.

Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਧਰਮ ਅਤੇ ਭਾਈਚਾਰੇ ਦੇ ਹਾਮੀ ਸਨ । ੧੯੨੯ ਈ: ਵਿਚ ਅਸੀਂ ਵੇਖਦੇ ਹਾਂ ਜੀ ਸਤਿਗੁਰੂ ਜੀ ਨੂੰ ਦੂਸਰੇ ਪੰਥਾਂ ਦੇ ਸੰਤਾਂ ਸਾਧੂਆਂ ਨਾਲ ਵਾਰਤਾਲਾਪ ਕਰਦਿਆਂ (ਫੋਟੋ ੬-੭) । ੧੫ ਅਕਤੂਬਰ ੧੯੩੪ ਵਿਚ ਸ੍ਰੀ ਸਤਿਗੁਰੂ ਜੀ ਨੇ ਸਰਬ ਸਿੱਖ ਪੰਥ ਦੀਆਂ ਸਰਬੰਧੀਆਂ ਨੂੰ ਇਕ ਥਾਂ ਵਿਚ ਬੈਠਣ ਦਾ ਮਹਾਨ ਉਪਰਾਲਾ ਕੀਤਾ, ਜਿਸ ਵਿਚ ਨਿਰਮਲੇ, ਰਾਧਾ ਸਵਾਮੀ, ਨਿਹੰਗ, ਉਦਾਸੀ, ਬੁੱਢਾ ਦਲ, ਅਕਾਲੀ ਪਾਰਟੀ ਆਦਿ ਨੇ ਹਿੱਸਾ ਲਿਆ (ਫੋਟੋ ੧੬-੨੦) । ਸ੍ਰੀ ਸਤਿਗੁਰੂ ਜੀ ਨੇ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਹਰਮੰਦਰ ਸਾਹਿਬ ਦੀ ਕਾਰ ਸੇਵਾ ਵਿਚ ਵੱਧ ਚੜ੍ਹਕੇ ਹਿੱਸਾ ਪਾਇਆ । ੧੯੪੩ ਈ: ਲਾਹੌਰ ਦੇ ਬਸੰਤ ਸਮਾਰੋਹ ਵਿਚ ਮਹਾਰਾਜਾ ਦਲੀਪ ਸਿੰਘ ਦੀ ਸਪੁੱਤਰੀ ਰਾਜਕੁਮਾਰੀ ਬੰਬਾ ਦੇ ਨਾਲ ਹੋਰ ਸਿੱਖ ਲੀਡਰ ਵੀ ਵੇਖੇ ਜਾ ਸਕਦੇ ਹਨ (ਫੋਟੋ ੫੪) । ਉਸੇ ਸਾਲ ਸ੍ਰੀ ਸਤਿਗੁਰੂ ਜੀ ਨੇ ਹਿੰਦੂ-ਸਿੱਖ ਮਿਲਾਪ ਕਾਨਫਰੰਸ ਕੀਤੀ ਅਤੇ ੨੪ ਅਪਰੈਲ ੧੯੫੫ ਵਿਚ ਆਪ ਜੀ ਨੂੰ ਸਰਬ ਧਰਮ ਸੰਮੇਲਨ ਦਿੱਲੀ ਦੇ ਸਨਾਤਨ ਧਰਮ ਕਾਲਜ ਵਿਚ ਹੋਏ ਇਜਲਾਸ ਵਿਚ ਉਚੇਚੇ ਤੌਰ ਤੇ ਸੱਦਿਆ ਗਿਆ (ਫੋਟੋ ੯੬)।

੧੯੫੫ ਈ: ਵਿਸ਼ਵ ਸ਼ਾਕਾਹਾਰੀ ਕਾਨਫਰੰਸ ਵਿਚ ਸ਼ਾਕਾਹਾਰ ਦੇ ਸਮੱਰਥਕ ਸ੍ਰੀ ਸਤਿਗੁਰੂ ਜੀ ਬੁੱਧ ਦੇ ਅਨੁਯਾਈ ਬਰਤਾਨਵੀ ਅਤੇ ਇਟਾਲੀਅਨ ਕੁਜਿਵੀਅਨ ਡੈਲੀਗੇਟਾਂ ਨਾਲ (ਫੋਟੋ ੧੩੧) ਕਾਨਫਰੰਸ ਦੀ ਅਗਵਾਈ ਕਰਦੇ ਹੋਏ ।

ਸ੍ਰੀ ਸਤਿਗੁਰੂ ਜੀ ਦੀ ਭਾਰਤੀ ਸ਼ਾਸਤਰੀਆ ਸੰਗੀਤ ਪ੍ਰਤੀ ਜਾਣਕਾਰੀ ਅਤੇ ਪ੍ਰੇਮ ਅਤੇ ਹਜ਼ੂਰ ਦੀ ਗਾਉਣ ਦੀ ਅਤੇ ਦਿਲਰੁਬਾ ਵਜਾਉਣ ਦੀ ਮਾਹਿਰਤਾ ਨੇ ਬਹੁਤ ਹਿੰਦੂ, ਮੁਸਲਮਾਨ ਅਤੇ ਸਿੱਖ ਰਾਗੀਆਂ ਨੂੰ ਸੰਗੀਤ ਦੀ ਜਾਚ ਸਿਖਾਈ ਜੋ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕੀਰਤਨ ਕਰਦੇ ਸਨ ਅਤੇ ਇਹ ਪਰੰਪਰਾ ਅੱਜ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਪ੍ਰਫੁੱਲਤ ਹੋ ਰਹੀ ਹੈ ।

ਸ੍ਰੀ ਸਤਿਗੁਰੂ ਜੀ ਨੇ ਆਪਣੀ ਦਿੱਵਯ ਦ੍ਰਿਸ਼ਟੀ ਨਾਲ ਇਹ ਜਾਣ ਲਿਆ ਸੀ ਕਿ ਪਾਕਿਸਤਾਨ ਬਣਨ ਨਾਲ ਉਥੋਂ ਦੇ ਰਹਿਣ ਵਾਲਿਆਂ ਉੱਤੇ ਕੀ ਬੀਤੇਗੀ । ਆਪ ਜੀ ਨੇ ਦਿੱਲੀ ਤੋਂ ਤਕਰੀਬਨ ਸੌ ਮੀਲ ਦੂਰ ਸਰਸੇ ਵਿਚ ਜ਼ਮੀਨ ਖਰੀਦ ਲਈ ਜੋ ਪਾਕਿਸਤਾਨ ਤੋਂ ਨਾਮਧਾਰੀ ਸ਼ਰਨਾਰਥੀ ਆਏ ਉਨ੍ਹਾਂ ਵਿਚ ਤਕਸੀਮ ਕਰ ਦਿੱਤੀ ਗਈ । ਇਹ ਜਗ੍ਹਾ ਅੱਜ ਕੱਲ ਸ੍ਰੀ ਜੀਵਨ ਨਗਰ ਕਰਕੇ ਮਸ਼ਹੂਰ ਹੈ ਜਿਥੇ ਦੇ ਕਾਸ਼ਤਕਾਰਾਂ ਨੇ ਅੱਜ ਉਸ ਬੰਜਰ ਜ਼ਮੀਨ ਨੂੰ ਬੁਨਿਆਦੀ ਢੰਗ ਨਾਲ ਖੇਤੀ ਕਰਕੇ ਏਨਾ ਉਪਜਾਊ ਕਰ ਦਿੱਤਾ ਹੈ ਕਿ ਵੇਖਣ ਵਾਲਾ ਹੈਰਾਨ ਹੋ ਜਾਂਦਾ ਹੈ ।

ਹਜ਼ੂਰ ਜੀ ਦੇ ਜਾਨਵਰਾਂ ਨਾਲ ਪ੍ਰੇਮ ਨੂੰ ਸਭ ਭਲੀਭਾਂਤ ਜਾਣਦੇ ਹਨ । ਆਪ ਜੀ ਦੇ ਫਾਰਮ ਦੇ ਘੋੜਿਆਂ, ਗਾਈਆਂ ਅਤੇ ਮਝਾਂ ਨੇ ਕਈ ਰਾਸ਼ਟਰੀ ਪੁਰਸਕਾਰ ਜਿੱਤੇ ਜਿਸਦੀ ਮਹਿਮਾ ਸੰਸਾਰ ਭਰ ਵਿਚ ਫੈਲੀ । ਇਹੋ ਹੀ ਕਾਰਨ ਸੀ ਕਿ ਰੂਸੀ ਲੀਡਰ ਮਾਰਸ਼ਲ ਬੁਲਗਾਨਿਨ ਅਤੇ ਨਿਕੀਤਾ ਕਰੁਸ਼ਚੇਵ ੧੯੫੫ ਦੇ ਭਾਰਤੀ ਦੌਰੇ ਉੱਤੇ ਜਦੋਂ ਆਏ ਤਾਂ ਉਚੇਚੇ ਤੌਰ ਤੇ ਆਪਣੇ ਨੂੰ ਸ੍ਰੀ ਭੈਣੀ ਸਾਹਿਬ ਲਿਆਂਦਾ ਗਿਆ ਜਿਥੇ ਸ੍ਰੀ ਸਤਿਗੁਰੂ ਜੀ ਨੇ ਆਪਣੇ ਫਾਰਮ ਦੀਆਂ ਸੰਡੂ ਜਾਨਵਰਾਂ ਦੀ ਜਾਣਕਾਰੀ ਪਰਦੇਸੀਆਂ ਨੂੰ ਦਿੱਤੀ । ਪਰਦੇਸੀਆਂ ਨੇ ਇਹ ਵੀ ਦੇਖਿਆ ਕਿ ਕਿਸ ਤਰ੍ਹਾਂ ਜੰਗਲੀ ਜਾਨਵਰ, ਪੰਛੀ, ਤੋਤੇ, ਚਿੜੀਆਂ, ਮੋਰ ਆਦਿ ਇਨਸਾਨਾਂ ਦੇ ਕਿਸੇ ਭੀ

Sri Satguru Ji stood for intra- and inter-religious harmony. As early as 1929, we glimpse him having discourses with sadhus and sants of other faith traditions (images 6–7). On 15 October 1934, he held the first all Sikh Ecumenical Conference in which many Sikh religious orders were represented: the Nirmala Sikh Mandal, the Radha Swamis, the Nihang Sikhs of Buddha Dal, and the Akali Dal political party (images 16–20). He participated in the great events with other Sikh leadership, such as the cleaning (kar sewa) of the holy pools attached to sacred Sikh shrines in Amritsar and Fatehgarh Sahib. In 1943 Princess Bamba, the eldest daughter of the last Sikh ruler of Punjab, Maharaja Duleep Singh, joined Sri Satguru Ji at Lahore to celebrate the festival of Basant along with other leaders from the Sikh community (image 54). In March of that year, Sri Satguru Ji organised the Sikh-Hindu Unity Conference and was one of the key faith leaders at the Sarava Dharma Sammelana, the Inter-religious Conference at the Sanatan Dharma College held in Delhi on 24 April 1955 (image 96).

A strong advocate of the vegetarian way of life, Sri Satguru Ji's attendance at the International Vegetarian Conference in 1955, alongside Buddhist, British and Italian delegates (image 131), rejuvenated the vegetarian cause, particularly at a time when meat consumption was becoming increasingly associated with material progress. He also taught how to care for the environment and the myriad of creatures reliant upon it for sustenance and shelter.

Sri Satguru Partap Singh Ji's passion for Indian classical music and his own expertise in singing shabads and playing the dilruba (a stringed instrument) encouraged many Muslim, Hindu and Sikh musicians to give performances in his presence, a tradition that has been preserved under the current leadership of Sri Satguru Jagjit Singh Ji.

It is said that he foresaw the tragedy of Punjab's Partition, which displaced millions either side of the newly created border brought about by the establishment a new Islamic state, Pakistan. A significant piece of desert land, approximately one hundred miles from Delhi and near Sirsa, was acquired well beforehand to be given to his refugee-followers on their arrival to a 'free' India. Under his guidance and with his blessing, their hard work bore fruit: the barren site was converted into prime agricultural land with a thriving community which today is known as Sri Jivan Nagar. Organic farming is championed here, giving rise to consistently exceptional crop yields. It is worth noting that our 21st-century-modern-world has declared modern chemical and technological farming as not being very conducive to good health. I am sure that Sri Satguru Ji would have applauded the greater awareness of the reintroduction of organic methods in the west.

His passion and rapport with animals is well known. It was the special care and attention which he gave to horses, cows and buffaloes that won him many national awards throughout his life. His animal farms were extolled across India and abroad. It is especially significant that while on their visit to India in 1955,

Sri Satguru Jagjit Singh Ji eLibrary NamdhariElibrary@gmail.com

ਕਰ ਬਗੀਚ ਰਹਿ ਰਹੇ ਹਨ । ਜਿਨ੍ਹਾਂ ਨੇ ਸ੍ਰੀ ਭੈਣੀ ਸਾਹਿਬ ਵਿਖੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੁਣਿਆ ਹੋਵੇਗਾ ਉਹ ਜਾਣਦੇ ਹਨ ਕਿ ਕਿਸ ਤਰ੍ਹਾਂ ਪੰਛੀ ਹਜ਼ੂਰੀ ਰਾਗੀਆਂ ਨਾਲ ਇਕਸਾਰ ਹੋ ਜਾਂਦੇ ਹਨ ਅਤੇ ਸਵਰਗੀ ਨਜ਼ਾਰਾ ਬਣ ਜਾਂਦਾ ਹੈ ।

੨੦੦੯ ਈ: ਦਾ ਸਾਲ ਸ੍ਰੀ ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਪੰਜਾਹਵੀਂ ਬਰਸੀ ਹੈ ਅਤੇ ਅਸੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਹੁਤ ਹੀ ਰਿਣੀ ਹਾਂ ਜਿਨ੍ਹਾਂ ਦੀ ਕਿਰਪਾ ਦੁਆਰਾ ਇਹ ਸੁਨਹਿਰੀ ਯਾਦਗਾਰੀ ਪ੍ਰਤਿਮਾਵਲੀ ਸੰਗ੍ਰਹਿ ਵਜੂਦ ਵਿਚ ਆਇਆ ।

ਵਧਾਈ ਦੇ ਪਾਤਰ ਹਨ ਇਸ ਪ੍ਰਤਿਮਾਵਲੀ ਦੇ ਸੰਪਾਦਕ ਅਤੇ ਪਰੋਡਕਸ਼ਨ ਟੀਮ ਜਿਹਨਾ ਦੀ ਅਣਥੱਕ ਮਿਹਨਤ ਨੇ ਸ੍ਰੀ ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ਇਸ ਨੂੰ ਸੰਪੂਰਣ ਰੂਪ ਦਿੱਤਾ ।

ਸ੍ਰੀ ਸਤਿਗੁਰੂ ਜੀ ਦੀ ੫੦ ਸਾਲਾ ਬਰਸੀ ਨੂੰ ਸ਼ਰਧਾਂਜਲੀ ਸਮਰਪਣ ਕਰਦੇ ਹੋਏ ਇਹ ਪ੍ਰਤਿਮਾਵਲੀ ਦਾ ਸੇਹਰਾ ਹਰਜਿੰਦਰ ਸਿੰਘ ਕੰਵਲ ਨੂੰ ਦਿੱਤੇ ਜਾ ਜਿਨ੍ਹਾਂ ਦੀ ੨੫ ਸਾਲ ਦੀ ਮਿਹਨਤ, ਜਿਸਦਾ ਪੂਰਨ ਧੰਨਵਾਦ ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦਿੰਦੇ ਹੋਏ, ਇਸ ਰੂਪ ਵਿਚ ਪਾਠਕਾਂ ਦੇ ਸਾਹਮਣੇ ਮੂਰਤੀਮਾਨ ਹੋਈ ਹੈ ।

ਚਰਨਜੀਤ ਅਜੀਤ ਸਿੰਘ

the Russian leaders Nikolai Bulganin and Nikita Khruschev visited Sri Bhaini Sahib to learn the secrets of rearing and caring for animals, and to understand why they were the best in India. They found that the wild animals and the birds, including parrots, sparrows and peacocks, lived in perfect harmony with people because their habitats were respected. Those who have listened to the pre-dawn classical singing of Asa di Var at Sri Bhaini Sahib would have enjoyed the chorus of the birds in a similar vein to the musicians, a glimpse of a perfect paradise.

As we commemorate the 50th anniversary of his leaving this mundane world for his heavenly abode, we are indebted to Sri Satguru Ji, who has by his presence provided us with a golden link, indeed a golden thread, which permeates each and every image of this unparalleled collection. Its compiler, Harjinder Singh Kanwal, deserves our sincere thanks for his yeoman's service in making this material available to all who wish to have a sight of one who was 'the most illuminated'.

Charanjit AjitSingh (Mrs)

Sri Satguru Jagjit Singh Ji eLibrary NamdhariElibrary@gmail.com

ਪ੍ਰਵੇਸ਼ਿਕਾ

'ਪਰਮ ਪ੍ਰਤਾਪੀ ਪ੍ਰਤਿਮਾਵਲੀ' ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਰੂਹਾਨੀ ਜੀਵਨ ਦੀਆਂ ਕੁਝ ਅੰਸ਼-ਮਾਤਰ ਝਲਕੀਆਂ ਹਨ, ਜਿਨ੍ਹਾਂ ਨੂੰ ਕੈਮਰੇ ਦੀਆਂ ਪ੍ਰਤਿਮਾਵਾਂ ਨਾਲ ਪ੍ਰਦਰਸ਼ਿਤ ਕੀਤਾ ਗਿਆ ਹੈ। ਸ੍ਰੀ ਸਤਿਗੁਰੂ ਜੀ ਦਾ ਜੀਵਨ ਤਾਂ ਅਥਾਹ ਸਮੁੰਦਰ ਦੀ ਤਰ੍ਹਾਂ ਸੀ, ਪਰ ਉਸ ਵਿਚੋਂ ਕੁਝ-ਕੁ ਬੂੰਦਾਂ ਲੈ ਕੇ ਪਾਠਕਾਂ ਦੇ ਸਨਮੁੱਖ ਇਹ ਨਿਮਾਣਾ ਜਿਹਾ ਉਪਰਾਲਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਇਸ ਨਾਲ ਹੀ ਸਤਿਗੁਰੂ ਜੀ ਦੇ ਪਰਲੋਕ ਗਮਨ ਦੇ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀਨਸ਼ੀਨੀ ਦੀ ਪੰਜਾਹ ਵਰ੍ਹੇ ਗੰਢ (ਗੋਲਡਨ ਜੁਬਲੀ) ਨੂੰ ਮੁੱਖ ਰੱਖਦੇ ਹੋਏ ਇਹ ਉਪਹਾਰ ਸ੍ਰੀ ਸਤਿਗੁਰੂ ਜੀ ਦੇ ਪਵਿੱਤ੍ਰ ਪਾਵਨ ਚਰਣ ਕੰਵਲਾਂ ਵਿਚ ਨਿਮ੍ਰਤਾਸਹਿਤ ਅਰਪਣ ਕਰਦੇ ਹਾਂ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜੀਵਨ ਗੁਲਾਮੀ ਦੀਆਂ ਜੰਜੀਰਾਂ ਵਿੱਚੋਂ ਸੰਘਰਸ਼ ਕਰਦਾ ਹੋਇਆ ਉਸ ਉੱਚੇ ਮੁਕਾਮ 'ਤੇ ਪਹੁੰਚਿਆ, ਜਿਥੇ ਸ਼ਾਇਦ ਹੀ ਕੋਈ ਹੋਰ ਪਹੁੰਚ ਸਕਿਆ ਹੋਵੇ। ਇਤਿਹਾਸ ਗਵਾਹ ਹੈ ਕਿ ਆਪ ਜੀ ਨੇ ਦੇਸ਼ ਦੀ ਆਜ਼ਾਦੀ ਖ਼ਾਤਿਰ ਆਪਣਾ ਪੂਰਾ ਯੋਗਦਾਨ ਪਾਇਆ ਅਤੇ ਪੂਰੇ ਸਿੱਖ ਪੰਥ ਨੂੰ ਹੀ ਨਹੀਂ, ਸਗੋਂ ਹਿੰਦੂ ਸਿੱਖ ਅਤੇ ਮੁਸਲਿਮ ਭਰਾਵਾਂ ਨੂੰ ਏਕਤਾ ਦੀ ਇਕ ਡੋਰ ਵਿਚ ਪਰੋਣ ਦੇ ਪੁਰਜ਼ੋਰ ਕਈ ਉਪਰਾਲੇ ਕੀਤੇ ਅਤੇ ਕਾਮਯਾਬੀ ਹਾਸਿਲ ਕੀਤੀ ।

'ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰਿਜੈ । ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ', ਇਸ ਮਹਾਨ ਪਰਮ ਪ੍ਰਤਾਪੀ ਸਤਿਗੁਰੂ ਨੂੰ ਕੋਟਾਨਕੋਟ ਪ੍ਰਣਾਮ ਕਰਦਿਆਂ ਇਸ ਪ੍ਰਤਿਮਾਵਲੀ ਦੀ ਆਰੰਭਤਾ ਕੁਝ ਪੰਦਰਾਂ-ਕੁ ਸਾਲ ਪਹਿਲਾਂ ਕੀਤੀ ਗਈ ਸੀ, ਜਿਸਦਾ ਸੰਸਕਰਣ ਕਰਨ ਦੀ ਆਗਿਆ ਅਤੇ ਬਖ਼ਸ਼ਿਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਉਚ੍ਰਿਤ ਕੀਤੀ ਸੀ ।

ਤਸਵੀਰਾਂ ਇਕੱਤਰ ਕਰਨ ਵਿਚ ਕਈ ਸੱਜਣਾਂ-ਮਿੱਤਰਾਂ ਦਾ ਸਹਿਯੋਗ ਮਿਲਿਆ । ਪੂਰਬੀ ਅਫਰੀਕਾ ਦੇ ਪਹਿਲੇ ਦੌਰਿਆਂ, ਥਾਈਲੈਂਡ ਦੇ ਇਤਿਹਾਸਕ ਦੌਰਿਆਂ ਅਤੇ ਭਾਰਤੀ ਆਜ਼ਾਦੀ ਸੰਗਰਾਮ ਅਤੇ ਏਕਤਾ ਕਾਨਫਰੰਸਾਂ ਆਦਿ ਦੀਆਂ ਫੋਟੋਆਂ ਅਤੇ ਹੋਰ ਸਾਰੇ ਫੁਟਕਲ ਪ੍ਰੋਗਰਾਮਾਂ ਦੀਆਂ ਬਹੁਤ ਅਨਮੋਲ ਤਸਵੀਰਾਂ ਸ੍ਰੀ ਭੈਣੀ ਸਾਹਿਬ ਵਿਖੇ ਸੁਰੱਖਿਅਤ ਖ਼ਜ਼ਾਨੇ ਵਿੱਚੋਂ ਮਿਲੀਆਂ । ਅਫਰੀਕਾ ਦੇ ਅਖੀਰਲੇ ਦੋ ਦੌਰਿਆਂ ਦੀਆਂ ਤਸਵੀਰਾਂ ਮੇਰੇ ਪਿਤਾ ਸੰਤ ਫੁੰਮਣ ਸਿੰਘ ਕੰਵਲ ਜੀ ਦੇ ਸਟੂਡੀਓ 'ਪ੍ਰਤਾਪ ਸਟੂਡੀਓ' (ਜੋ ਸ੍ਰੀ ਸਤਿਗੁਰੂ ਜੀ ਦੇ ਨਾਮ ਤੇ ਰੱਖਿਆ ਸੀ) ਵਿਚੋਂ ਪ੍ਰਾਪਤ ਹੋਈਆਂ। ਸੰਤ ਫੁੰਮਣ ਸਿੰਘ ਕੰਵਲ ਉਸ ਵੇਲੇ ਨਾਮਧਾਰੀ ਸੰਗਤ ਦੇ ਸਕੱਤਰ ਸਨ, ਇਸ ਲਈ ਆਪ ਜੀ ਨੇ ਇਨ੍ਹਾਂ ਦੇ ਦੌਰਿਆਂ ਦੀਆਂ ਬਹੁਤੀਆਂ ਤਸਵੀਰਾਂ ਆਪਣੇ ਖ਼ਜ਼ਾਨੇ ਵਿਚ ਸਾਂਭ ਰੱਖੀਆਂ ਸਨ । ਹੋਰ ਅਨੇਕਾਂ ਹੀ ਸ਼ਰਧਾਲੂਆਂ ਕੋਲੋਂ ਬਹੁਤ ਕੀਮਤੀ ਤਸਵੀਰਾਂ ਪ੍ਰਾਪਤ

PREFACE

With the benign blessings and unerring patronage of Sri Satguru Jagjit Singh Ji, it is my honour to be able to present to the world *Visions of the Most Illuminated: Photographs of Sri Satguru Partap Singh Ji*. I offer this publication as a humble tribute to the 50th anniversary of the passing of the spiritual mantle from Sri Satguru Partap Singh Ji to his son and successor Sri Satguru Jagjit Singh Ji.

This project is probably the most comprehensive study of photographic material of any Sikh Guru in a single publication. When I think back to when it all began, I probably embarked upon the endeavour in my subconscious long before I consciously began to seriously collect the images that are now before you.

It all started back in my hometown of Nairobi in Kenya. I count myself blessed to be born into a devout Namdhari family in 1943. My late father, Sant Phuman Singh Kanwal (1919-2006), was renowned in the community as a writer and poet who had a passion for photography. So strong was his love for both the art of the camera and his divine teacher that he opened the Partap Studio in 1954.

It was around 1953 that I recall having had Satguru Ji's darshan (divine sight of glimpse) for the very first time. I was mesmerised by his presence, alluring personality and gentle, but powerful, nature. Aware of my father's love of photography, Satguru Ji would often go to the eponymous studio to have his portrait taken. During one particular session at the studio during his last visit in 1959, I recall Sri Satguru Ji saying to my father: '*Asin bach ke tere kolo kithe jana*?' ('How can I save myself from you and your camera?') Joking aside, he was, of course, letting my devout father know that he will always be with him. This memorable image (see image 432) and others taken at the studio are reproduced in this book. These, along with numerous other photographs of Sri Satguru Ji's visits to East Africa, have been collected from people who, like me, were witness to the magnetic presence of the great Guru, the Atal Pratapi ('ever glorious').

The search for material, covering hundreds of photographs, poems, published articles and newspaper cuttings, spanned fifteen years and took me across the globe – from individual private collections passed down the generations of families in Thailand and East Africa, to storage archives at Sri Bhaini Sahib and Sri Jivan Nagar in India. In undertaking this project, I have come to realise that his eventful life was indeed a 'picture' to watch and cherish.

Some of the dates in the captions are estimates as exact dates could not be verified. Similarly, I have not been able to name every individual shown despite my best efforts. At the time of going to print the paucity of information for

Sri Satguru Jagjit Singh Ji eLibrary NamdhariElibrary@gmail.com

ਹੋਣੀਆਂ ਅਤੇ ਹੋਰ ਨੇ ਵੀ ਸਾਮੱਗਰੀ ਜਿੱਥੋਂ-ਕਿੱਥੋਂ ਹਾਸਿਲ ਹੋਈ, ਉਨ੍ਹਾਂ ਦਾ ਧੰਨਵਾਦ ਅਖ਼ੀਰਲੇ ਸਫ਼ਿਆਂ ਵਿਚ ਕੀਤਾ ਗਿਆ ਹੈ ।

ਥਾਈਲੈਂਡ ਦੇ ਕੈਪਸ਼ਨਾਂ ਵਿਚ ਕੁਝ ਤਰੀਖਾਂ, ਨਾਂਵਾਂ ਅਤੇ ਥਾਵਾਂ ਦਾ ਪੂਰਨ ਤੌਰ ਤੇ ਪਤਾ ਨਾ ਹੁੰਦੇ ਹੋਏ ਅਨੁਮਾਨ ਨਾਲ ਹੀ ਜ਼ਿਕਰ ਕਰ ਦਿਤਾ ਹੈ ।*

ਕੈਪਸ਼ਨ ਗੁਰਮੁਖੀ ਅਤੇ ਅੰਗਰੇਜ਼ੀ ਵਿਚ ਪ੍ਰਕਾਸ਼ਤ ਕੀਤੇ ਹਨ । ਕੁਝ ਕਵਿਤਾਵਾਂ ਨੂੰ ਪੰਜਾਬੀ ਵਿਚ ਹੀ ਰਹਿਣ ਦਿੱਤਾ ਗਿਆ ਹੈ, ਕਿਉਂਕਿ ਉਨ੍ਹਾਂ ਦਾ ਅਨੁਵਾਦ ਸ਼ਾਇਰਾਂ ਦੇ ਅਨੁਭਵੀ ਵਲਵਲਿਆਂ ਨਾਲ ਸਦਾਚਾਰ ਨਹੀਂ ਕਰ ਸਕੇਗਾ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਦੁਆਰਾ ਇਸ ਪ੍ਰਤਿਮਾਵਲੀ ਦੀ ਸੰਪੂਰਨਤਾ ਕਰਨ ਲਈ ਕਈ ਐਸੇ ਸੁਹਿਰਦ ਅਤੇ ਪ੍ਰੋਫੈਸ਼ਨਲ ਸੱਜਣਾ ਨਾਲ ਮੇਲ ਮਿਲਾਪ ਹੋਇਆ ਜਿਨ੍ਹਾਂ ਕਰਕੇ ਇਸਦਾ ਅਸਲ ਰੂਪ ਇਸ ਰੂਪ ਵਿਚ ਰੂਪਮਾਨ ਹੋਇਆ, ਜੋ ਮੇਰੇ ਵਰਗੇ ਅਲਪ ਬੁੱਧੀ ਜੀਵ ਲਈ ਕਰਨਾ ਨਾ ਮੁਮਕਿਨ ਸੀ । ਸਾਡੀ ਇਹੋ ਅਰਦਾਸ ਹੈ ਕਿ ਇਹ ਪ੍ਰਤਿਮਾਵਲੀ ਹਰ ਲਾਇਬ੍ਰੇਰੀ, ਸਿੱਖ ਸੰਸਥਾਵਾਂ ਅਤੇ ਇਤਿਹਾਸਕਾਰਾਂ ਦੇ ਖ਼ਜ਼ਾਨਿਆਂ ਦਾ ਸ਼ਿੰਗਾਰ ਬਣੇ ।

ਅੰਤ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਅਨੰਤ ਰਿਣੀ ਹਾਂ, ਜਿਨ੍ਹਾਂ ਨੇ ਇਸ ਕਾਰਜ ਨੂੰ ਆਪਣੀ ਅਗੰਮੀ ਮਹਿਰਾਮਤ ਦੁਆਰਾ ਸੰਪੂਰਨਤਾ ਬਖ਼ਸ਼ੀ ਅਤੇ ਆਪਣੇ ਪੰਜਾਹ ਸਾਲਾ ਗੱਦੀ ਨਸ਼ੀਨੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਲੋਕ ਗਵਨ ਦੇ ਪੰਜਾਹ ਸਾਲਾਂ ਨੂੰ ਇਹ ਗ੍ਰੰਥ ਨਾਮਧਾਰੀ ਸੰਗਤ ਵਲੋਂ ਸਤਿਕਾਰ ਸਮਰਪਣ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਦੇ ਇਸ ਰਿਣ ਤੋਂ ਉਰਿਣ ਅਸੀਂ ਕਦੇ ਵੀ ਨਹੀਂ ਹੋ ਸਕਦੇ ।

ਦਾਸਨ ਦਾਸ
ਹਰਜਿੰਦਰ ਸਿੰਘ ਕੰਵਲ

many of the South East Asia images has made the identification of individuals, locations and dates virtually impossible. Nevertheless, the images have been numbered to allow for captions to be provided at a later date as this information becomes available, either in a future edition or via an online erratum. It is hoped that the reader is able to enjoy these wonderful images as they stand.*

The captions have been presented in both English and Punjabi. I have not rendered the short selections of Punjabi poetry into English as I felt that a translation would have been an injustice to the devotional feelings of the exceptional Namdhari scholars who penned these verses.

In a life encompassing confinement under a tyrannical British Raj through to the tumultuous struggle to secure India its freedom from colonial rule, Sri Satguru Ji more than lived up to the many sacrifices of his predecessors, Sri Satguru Hari Singh Ji and Sri Satguru Ram Singh Ji, and numerous other martyrs who had kept aflame the torch of independence. It is intended that the visual material presented herein will cast those older and wiser minds, fortunate enough to have been personally blessed by Satguru Ji's glance, back to the first half of the twentieth-century during the most exalted days of his holy life. For younger minds, it is hoped that this material provides ample opportunity to catch a divine glimpse of the marvel that was Sri Satguru Partap Singh Ji: the progressive thinker; the pious guide; the divine personality unsurpassed for his contributions to society in contemporary history.

As the saying goes 'each picture tells a story' and it is my sincere wish that the reader will find something of value in following in the hallowed footsteps of Sri Satguru Partap Singh Ji's lotus feet.

Harjinder Singh Kanwal

* [illegible]

* We know that Sri Satguru Partap Singh Ji visited Thailand a total of twenty-two times. During these Divine Visits Sri Satguru Ji also took the opportunity to visit sangats in Singapore and Malaya. The First Divine Visit to Thailand was undertaken by sea in December 1933 and concluded on 24th January 1934; the last visit, by air, was in 1955. The Namdhari Panth relishes the recordings of Sri Satguru Ji's spiritual discourses during the Divine Visits to South East Asia, the very first of which was made during the third visit to Thailand on 23rd November 1948. Each spoken word is a philosophy in itself being sermons replete with proofs from Gurbani the collection is an infinite spring-well of knowledge and wisdom.

ਇਸ ਪ੍ਰੋਜੈਕਟ ਦੀ ਸਫਲਤਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਅਪਾਰ ਕਿਰਪਾ ਅਤੇ ਬਖਸ਼ਿਸ਼ ਦੁਆਰਾ ਅਤੇ ਸ੍ਰੀ ਮਾਤਾ ਚੰਦ ਕੌਰ ਜੀ ਦੀ ਅਦੁੱਤੀ ਪ੍ਰੇਮ-ਭਰੀ ਪ੍ਰੇਰਨਾ ਅਤੇ ਸ੍ਰੀ ਠਾਕੁਰ ਉਦੈ ਸਿੰਘ ਜੀ ਦੀ ਅਗਵਾਈ ਨਾਲ ਸੰਪੂਰਨ ਹੋਈ।

ਮੈਂ ਸੇਵਕ ਸੰਤ ਹਰਪਾਲ ਸਿੰਘ ਜੀ ਦਾ ਅਤੀ ਧੰਨਵਾਦੀ ਹਾਂ ਜਿਨ੍ਹਾਂ ਦੀ ਮਹਿਨਤ ਸਦਕਾ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਵਿਚੋਂ ਬਹੁਮੁੱਲੀਆਂ ਤਸਵੀਰਾਂ ਇਕੱਤਰ ਹੋਈਆਂ ਜੋ ਸ੍ਰੀ ਸਤਿਗੁਰੂ ਜੀ ਦੇ ਵੱਖ ਵੱਖ ਦੌਰਿਆਂ ਅਤੇ ਹਜ਼ੂਰ ਦੇ ਰੂਹਾਨੀ ਜੀਵਨ ਦੀਆਂ ਉਹ ਝਲਕੀਆਂ ਵਿਖਾਉਂਦੀਆਂ ਹਨ ਜੋ ਨਾ ਲੱਭੀਆਂ ਜਾਂਦੀਆਂ ਤਾਂ ਨਾਮਧਾਰੀ ਪੰਥ ਸ੍ਰੀ ਸਤਿਗੁਰੂ ਜੀ ਦੇ ਅਨੋਖੇ ਕਾਰਨਾਮਿਆਂ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਤੋਂ ਵਾਂਝਿਆ ਰਹਿ ਜਾਂਦਾ।

ਪੂਰਬੀ ਅਫਰੀਕਾ ਦੇ ਦੌਰਿਆਂ ਦੀਆਂ ਤਸਵੀਰਾਂ ਅਫਰੀਕਾ ਦੇ ਵੱਖ ਵੱਖ ਸੱਜਣਾਂ ਕੋਲੋਂ ਧੰਨਵਾਦ ਸਹਿਤ ਪ੍ਰਾਪਤ ਹੋਈਆਂ ਜਿਨ੍ਹਾਂ ਨੇ ਸ੍ਰੀ ਸਤਿਗੁਰੂ ਜੀ ਦੇ ਰੂਹਾਨੀ ਜਲੌ ਦੇ ਉਸ ਵੇਲੇ ਦਰਸ਼ਨ ਕੀਤੇ। ਤੀਜੇ ਅਤੇ ਚਉਥੇ ਦੌਰੇ ਦੀਆਂ ਤਸਵੀਰਾਂ ਜ਼ਿਆਦਾ ਤੌਰ ਤੇ ਸ.ਪ੍ਰੀਤਮ ਸਿੰਘ ਮਠਾਰੂ ਜੀ ਨੇ ਆਪਣੇ ਰੋਲੀਫਲੈਕਸ ਕੈਮਰੇ ਨਾਲ ਖਿੱਚੀਆਂ ਜਿਨ੍ਹਾਂ ਦੀ ਧੁਆਈ ਆਦਿ ਦਾ ਕੰਮ ਮੇਰੇ ਸਵਰਗਵਾਸੀ ਪਿਤਾ ਸੰਤ ਫੁੰਮਣ ਸਿੰਘ ਕੰਵਲ ਜੀ ਨੇ ਆਪਣੇ 'ਪ੍ਰਤਾਪ ਸਟੂਡੀਓ' (ਜਿਸ ਦਾ ਨਾਮ ਸ੍ਰੀ ਸਤਿਗੁਰੂ ਜੀ ਦੇ ਨਾਮ ਉੱਤੇ ਰੱਖਿਆ ਸੀ) ਵਿਚ ਸੰਪੂਰਨ ਕੀਤਾ।

ਬੜੇ ਮਾਣ ਅਤੇ ਸਤਿਕਾਰ ਨਾਲ ਮੈਂ ਤਹਿ ਦਿਲ ਤੋਂ ਧੰਨਵਾਦ ਕਰਦਾ ਹਾਂ ਉਨ੍ਹਾਂ ਸੱਜਣਾਂ ਦਾ ਜਿਨ੍ਹਾਂ ਨੇ ਵਡਮੁੱਲੇ ਸੁਝਾ, ਲੇਖ, ਕਵਿਤਾਵਾਂ ਅਤੇ ਤਸਵੀਰਾਂ ਆਦਿ ਨਾਲ ਇਸ ਕਿਰਤ ਨੂੰ ਸ਼ਿੰਗਾਰਿਆ – ਸੰਤ ਹਰਵਿੰਦਰ ਸਿੰਘ ਹੰਸਪਾਲ, ਸ. ਜਸਪਾਲ ਸਿੰਘ (ਰਾਮ ਸਿੰਘ ਫੋਟੋਗ੍ਰਾਫਰਜ਼), ਸੇਠ ਤ੍ਰਲੋਕ ਸਿੰਘ ਚਾਵਲਾ, ਸੰਤ ਸ਼ੇਰ ਸਿੰਘ, ਸ. ਅਵਤਾਰ ਸਿੰਘ ਲੋਟੇ, ਸੰਤ ਬਲਵਿੰਦਰ ਸਿੰਘ ਬੰਗਾ, ਸ. ਦੇਵਿੰਦਰ ਸਿੰਘ ਗਿੱਲ, ਸ. ਹਰਬੰਸ ਸਿੰਘ ਸੀਹਰਾ ਅਤੇ ਭਰਾ, ਸੰਤ ਹਰੀ ਸਿੰਘ ਭੋਗਲ, ਸੰਤ ਜਗਦੀਸ਼ ਸਿੰਘ ਵਰਿਆਮ, ਸੰਤ ਜਗੀਰ ਸਿੰਘ ਰੀਹਲ, ਸੰਤ ਜਸਵਿੰਦਰ ਸਿੰਘ ਹਿਸਟੋਰੀਅਨ, ਸੰਤ ਜੀਤੇਜ ਸਿੰਘ, ਸੰਤ ਕਿਰਪਾਲ ਸਿੰਘ ਚਾਨਾ, ਸੰਤ ਰਜਿੰਦਰ ਸਿੰਘ ਚਾਨਾ, ਸੰਤ ਸਵਰਨ ਸਿੰਘ ਸਿਆਨ, ਅਮਰਜੀਤ ਚੰਦਨ, ਸੰਤ ਤਾਰਾ ਸਿੰਘ ਅਨਜਾਣ ਅਤੇ ਬੈਂਕਾਕ ਦੇ 'ਸਿਰੇਨਿਟੀ' ਮੈਗਜ਼ੀਨ ਦੇ ਸੰਚਾਲਕ।

ਮੈਂ ਆਪਣੇ ਫਰਜ਼ ਵਿਚ ਕੁਤਾਹੀ ਕਰਾਂਗਾ ਜੇ ਉਨ੍ਹਾਂ ਵਿਛੜੀਆਂ ਰੂਹਾਂ ਨੂੰ ਧੰਨਵਾਦ ਸਹਿਤ ਸ਼ਰਧਾਂਜਲੀ ਨਾ ਅਰਪਣ ਕਰਾਂ ਜਿਨ੍ਹਾਂ ਦੀਆਂ ਕਿਰਤਾਂ, ਤਸਵੀਰਾਂ ਆਦਿ ਮੈਂ ਇਸ ਪੁਸਤਕ ਵਿਚ ਵਰਤੀਆਂ ਹਨ। ਉਹ ਹਨ ਸੰਤ ਆਤਮਾ ਸਿੰਘ ਸੰਖਤਰਾ, ਸ. ਅਵਤਾਰ ਸਿੰਘ ਆਜ਼ਾਦ, ਸੰਤ ਦਲੀਪ ਸਿੰਘ, ਸੰਤ ਜੁਗਿੰਦਰ ਸਿੰਘ ਗਰੀਬ, ਸੰਤ ਖੜਗ ਸਿੰਘ

In the course of bringing this enormous project to its conclusion, I was overwhelmed by the assistance extended to me from many quarters. This project would not have been possible without the blessings of Sri Satguru Jagjit Singh Ji, with Sri Mata Chand Kaur Ji's benevolent inspiration and Sri Thakur Uday Singh Ji, who spearheaded this decade-long endeavour.

I am deeply indebted to Sewak Sant Harpal Singh Ji who painstakingly searched through the archives at Sri Bhaini Sahib and Sri Jivan Nagar. To him I owe a debt of gratitude for discovering many rare photographs of Sri Satguru Partap Singh Ji in India and Thailand. If it weren't for Harpal Singh's efforts, these may have never seen the light of day.

The photographs of Sri Satguru Ji's visits to East Africa have been sourced from several people who personally received the Guru's blessings in that great land. Most of the photos taken during the third and fourth visits were snapped by S. Pritam Singh Matharu with his sturdy Rolleiflex camera. The task of developing and printing these films was performed by my late father, Sant Phuman Singh Kanwal at Partap Studio, which was named in honour of Sri Satguru Ji. It is only right to pay homage to these and the many anonymous photographers who collectively documented an important era in Namdhari Sikh history for the benefit of future generations.

It is a privilege to acknowledge the co-operation of numerous individuals who freely provided access to photographs from their private albums, helped identify scenes and characters, rendered useful advice and granted permission to draw upon their writings and poetry. Prominent among them are, Sant Harvinder Singh Hanspal, Sardar Jaspal Singh of M/s. Ram Singh Photographers, Seth Trilok Singh Chawla, Sant Sher Singh Srichawla, Sant Sant Avtar Singh Lotay, Sant Balvinder Singh Banga, Sardar Devinder Singh Gill, Harbans Singh Sira and Brothers, Sant Hari Singh Bhogal, Sant Jagdish Singh Waryam, Sant Jagir Singh Reehal, Sardar Jaswinder Singh Historian, Sant Jeetej Singh, Sant Kirpal Singh Chana, Sant Rajinder Singh Chana, Sant Swaran Singh Sian, Amarjit Chandan and Sant Tara Singh Anjaan. The editors of 'Serenity' in Bangkok are to be thanked for their unstinting assistance in collating and cataloguing the Thailand collection.

There were many others, too numerous to mention individually, but they know who they are. I must, however, acknowledge those dear friends who offered their invaluable support throughout the compilation of this book but are no longer with us. Sant Atma Singh Sankhataravi, Dr Channan Singh Chan,

Sri Satguru Jagjit Singh Ji eLibrary NamdhariElibrary@gmail.com

ਭੰਮਰਾ, ਮਾ. ਨਿਹਾਲ ਸਿੰਘ, ਸੰਤ ਫੁੰਮਣ ਸਿੰਘ ਕੰਵਲ, ਸੰਤ ਪ੍ਰੀਤਮ ਸਿੰਘ ਕਵੀ, ਸੰਤ ਰਤਨ ਸਿੰਘ ਘਟੌੜੇ, ਸੰਤ ਵਾਸਦੇਵ ਸਿੰਘ ਭੰਮਰਾ, ਸੰਤ ਸਰਵਣ ਸਿੰਘ ਚਾਨਾ, ਮਾਤਾ ਗਿਆਨ ਕੌਰ ਚਾਨਾ, ਸੰਤ ਅਜੀਤ ਸਿੰਘ ਚੀਮਾ, ਡਾ. ਆਤਮ ਹਮਰਾਹੀ, ਡਾ. ਸੋਹਨ ਸਿੰਘ ਸੰਨ, ਡਾ. ਕਰਮ ਸਿੰਘ ਕਪੂਰ ਅਤੇ ਬੀਬੀ ਸਵਰਨ ਕੌਰ ਸੁਪਤਨੀ ਸੰਤ ਭਗਤ ਸਿੰਘ ਪਨੇਸਰ ।

ਖਾਸ ਧੰਨਵਾਦ ਦੇ ਪਾਤਰ ਹਨ ਸੰਤ ਜਗਤਾਰ ਸਿੰਘ ਜੀ, ਸੇਵਕ ਸੰਤ ਰਛਪਾਲ ਸਿੰਘ ਜੀ, ਸੰਤ ਸੈ ਸਿੰਘ ਜੀ, ਸੰਤ ਸੁਖਪਾਲ ਸਿੰਘ ਭੱਟੀ ਅਤੇ ਰਸ਼ਪਾਲ ਸਿੰਘ ਭੱਟੀ, ਚਰਨਜੀਵ ਸਿੰਘ ਚਾਨਾ ਅਤੇ ਹਰਮਿੰਦਰ ਸਿੰਘ ਚਾਨਾ ਜਿਨ੍ਹਾਂ ਦੀ ਅਣਥੱਕ ਮਿਹਨਤ ਅਤੇ ਲਗਨ ਸਦਕਾ ਇਹ ਪ੍ਰਤਿਮਾਵਲੀ ਇਸ ਰੂਪ ਵਿਚ ਪ੍ਰਕਾਸ਼ਿਤ ਹੋਈ । ਸੰਤ ਤਰਨਜੀਤ ਸਿੰਘ ਜੀ ਦਾ ਉਚੇਚਾ ਧੰਨਵਾਦ ਹੈ ਜਿਨ੍ਹਾਂ ਨੇ ਨਾਮਧਾਰੀ ਪੰਥ ਤੇ ਅਨੇਕਾਂ ਫਿਲਮਾਂ ਦਾ ਖਜ਼ਾਨਾ ਤਿਆਰ ਕੀਤਾ ਜਿਨ੍ਹਾਂ ਵਿਚੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਉੱਤੇ 'ਅਟੱਲ ਪ੍ਰਤਾਪੀ' ਫਿਲਮ ਇਕ ਵਡਮੁੱਲਾ ਸ਼ਾਹਕਾਰ ਸਾਬਤ ਹੋਈ । ਸ੍ਰੀ ਮਤੀ ਚਰਨਜੀਤ ਅਜੀਤ ਸਿੰਘ ਜੀ ਦਾ ਦਾਸ ਬਹੁਤ ਹੀ ਰਿਣੀ ਹੈ ਜਿਨ੍ਹਾਂ ਨੇ ਬਹੁਤ ਹੀ ਢੁਕਵੀਂ ਭੂਮਿਕਾ ਲਿਖ ਕੇ ਦਾਸ ਨੂੰ ਕਿਰਤਾਰਥ ਕੀਤਾ । ਦਾਸ 'ਕਾਸ਼ੀ ਹਾਊਸ' ਦੇ ਪਰਮਜੀਤ ਸਿੰਘ ਦਾ ਤਹਿ ਦਿਲ ਤੋਂ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਨਿਜੀ ਤੌਰ ਤੇ ਇਸ ਪ੍ਰਾਜੈਕਟ ਨੂੰ ਬੜੀ ਰੀਝ ਨਾਲ ਘੋਖਿਆ ਅਤੇ ਆਪਣੀ ਵੱਡਮੁੱਲੀ ਸਲਾਹ ਨਾਲ ਨਿਖਾਰਿਆ ।

ਇਸ ਪ੍ਰਤਿਮਾਵਲੀ ਨੂੰ ਇਸ ਸੰਪੂਰਨ ਰੂਪ ਵਿਚ ਪਹੁੰਚਾਉਣ ਦਾ ਕੰਮ ਨਿਰਾ ਇਕ ਸ਼ਖਸ ਜੱਗਾ ਸਿੰਘ ਦਾ ਹੈ ਜਿਸ ਨੇ ਤਕਰੀਬਨ ਦਸ ਫਾਈਲਾਂ ਅਤੇ ਅਨੇਕ ਤਸਵੀਰਾਂ ਨੂੰ ਆਪਣੇ ਕੰਪਿਊਟਰ ਦੁਆਰਾ ਨਵਾਂ ਰੂਪ ਬਖਸ਼ਿਆ । ਇਸਦਾ ਧੰਨਵਾਦ ਕਰਨਾ ਮੁਸ਼ਕਿਲ ਹੀ ਨਹੀਂ ਬਲਕੇ ਨਾਮੁਮਕਿਨ ਹੈ । ਸ੍ਰੀ ਸਤਿਗੁਰੂ ਜੀ ਇਸਤੇ ਆਪਣਾ ਮਿਹਰ ਭਰਿਆ ਹੱਥ ਰੱਖਣ । ਮੇਰੇ ਹੋਰ ਧੰਨਵਾਦ ਦੇ ਪਾਤਰ ਹਨ 'ਥਾਮਸਨ ਪਰੈਸ' ਦੇ ਕਪਿਲ ਰੈਨਾ ਅਤੇ ਤਪਨ ਸ਼ਰਮਾ ਜਿਨ੍ਹਾਂ ਦੇ ਵਡਮੁੱਲੇ ਸੁਝਾਵਾਂ ਸਦਕਾ ਇਹ ਕ੍ਰਿਤ ਇਸ ਰੂਪ ਵਿਚ ਆਪ ਦੇ ਸਾਹਮਣੇ ਆਈ ।

ਅੰਤ ਵਿਚ ਨਾਮਧਾਰੀ ਸੰਗਤ ਯੂ. ਕੇ. ਅਤੇ ਵਿਸ਼ਵ ਭਰ ਦੀ ਨਾਮ-ਧਾਰੀ ਸੰਗਤ ਦਾ ਅਤੀ ਧੰਨਵਾਦ ਜਿਨ੍ਹਾਂ ਦਾ ਆਸਰਾ ਸਾਨੂੰ ਹਮੇਸ਼ਾਂ ਮਿਲ ਦਿੱਤਾ ਗਿਆ ਹੈ । ਇਸ ਕ੍ਰਿਤ ਵਿਚ ਰਹੀਆਂ ਗਲਤੀਆਂ ਸਭ ਮੇਰੀਆਂ ਹਨ – ਸ਼ਾਨ ਦੇ ਹੱਕਦਾਰ ਕੇਵਲ ਸ੍ਰੀ ਸਤਿਗੁਰੂ ਜੀ ਹੀ ਹਨ ।

ਹਰਜਿੰਦਰ ਸਿੰਘ ਕੰਵਲ

Sardar Avtar Singh Azaad, Sant Dalip Singh, Sant Joginder Singh Gahir, Sant Kharak Singh Bhamrah, Master Nihal Singh, Sant Phuman Singh Kanwal, Sant Pritam Singh Kavi, Sant Rattan Singh Ghataorhe, Sant Vasdev Singh Bhamrah, Sant Sarwan Singh Chana, Gian Kaur Chana, Sant Ajit Singh Cheema, Dr Atam Hamrahi, Dr Karam Singh Kapoor and Mrs Sawarn Kaur (w/o late Sardar Bhagat Singh Panesar).

Special thanks go to Sant Jagtar Singh Ji, Sewak Sant Racchpal Singh Ji, Sant Sukhpal Singh Bhatti, Rashpal Singh Bhatti, Charanjeev Singh Chana and Harminder Singh Chana who have worked tirelessly to bring this venture to fruition. It is an honour to have Mrs Charanjit AjitSingh's insightful foreword gracing this humble work. Likewise, I am grateful to the team at Kashi House for their contribution to the project led by the tremendous efforts of Sardar Parmjit Singh. I would also like to express my thanks to Sant Taranjeet Singh who has created, amongst others, a wonderful documentary film "Atal Pratapi – A Spiritual Journey" on Sri Satguru Partap Singh Ji.*

When I began compiling the material for this book over fifteen years ago, I could not possibly have conceived it turning out the way it has. The credit for turning my copious research (comprising ten lever arch files full of photographs and handwritten captions) into the superbly designed tome you are now holding goes entirely to the efforts of one man, Sardar Juga Singh. I would like to show my gratitude to two persons from Thomson Press India Ltd, Kapil Raina and Tapan Sharma for their excellence in the production of this book you are holding. I offer up thanks to the Almighty for their magnificent input, which has, in one fell swoop, placed the Namdhari Sikh experience on a world class platform.

I am indebted to the Namdhari Sangat UK and the Namdhari Sangat Worldwide for all their support in this venture.

All faults in this book are mine, while all its praises are reserved entirely for Sri Satguru Partap Singh Ji.

Harjinder Singh Kanwal

* See www.taranjeetsingh.com for further details about the film.

Sri Satguru Jagjit Singh Ji eLibrary NamdhariElibrary@gmail.com

ਬੰਦਨਾ

ਡੰਡੌਤ ਬੰਦਨ ਅਨਕ ਬਾਰ, ਕਰਾਂ ਮੈਂ ਗੁਰ ਪ੍ਰਤਾਪ । ਗੁਰਮੰਤ੍ਰ ਦਾ ਪੁਰਸਕਾਰ ਦੇ, ਮਿਟਾ ਦਿਤਾ ਸਭ ਸੰਤਾਪ

ਅਨੁਕੰਪਾ ਕਰ ਆਪਣੀ, ਬਖਸ਼ਿਆ ਅੰਮ੍ਰਿਤ ਨਾਮ ਸਰੋਵਰ । ਸਮਸਤ ਪਾਪਾਂ ਦਾ ਨਾਸ਼ਕ, ਉੱਤਮ ਪਾਵਨ ਤਿਲਕ ਮਨੋਹਰ

ਕਿਰਪਾ ਸਿੰਧੂ, ਕਿਰਪਾ ਕੀਤੀ, ਕੀਤਾ ਸਹਿਜ ਵੈਰਾਗੀ ਮਨ । ਗੁਣ ਵਿਹੀਨ ਕਲੇਵਰ ਤਾਈਂ, ਅਰਪਿਆ ਅਨੰਤ ਗੁਣ ਜੀਵਨ ਧਨ

ਮਨ ਨੂੰ ਕਰ ਦਿਤਾ ਸਰਸ਼ਾਰ, ਬਾਣੀ ਆਪਣੀ ਮਧੁਰ ਅਲਾਪ । ਰੋਮ ਰੋਮ ਵਿਚ ਸਦਾ ਗੂੰਜਦੇ, ਥਕਦੇ ਨਾ ਕਰ ਤੇਰਾ ਜਾਪ

ਤਰਵਰ ਵਾਂਗ ਹੈ ਹੋਇਆ, ਅੱਜ ਚੰਚਲ ਮਨ ਅਡੋਲ । ਹਿਰਦੇ ਦੇ ਵਿਚ ਵਸ ਗਿਆ ਤੇਰਾ ਬਚਨ ਅਮੋਲ

ਪ੍ਰਗਟਿਆ ਹੈ ਰਹਿਸ, ਮਿਲਿਆ ਪੂਰਨ ਆਤਮ ਗਿਆਨ । ਹੋਇਆ ਅਨਦ ਵਿਭੋਰ ਇਹ, ਲਾਕੇ ਸਹਿਜ ਧਿਆਨ

